# ਵਰਿਆਮ

੨੭ ਵਾਂ ਸਾਲ
ਮਾਰਚ, ੨੦੦੨



ਬਸੰਤੁ ਚੜਿਆ ਫੂਲੀ ਬਨਰਾਇ॥
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ॥

Sri Satguru Jagjit Singh Ji eLibrary NamdhariElibrary@gmail.com

https://archive.org/details/namdhari

R... Monthly Wa...
Regd. RNI No. 26453/75










# NAMDHARI SEEDS

ਤੁਹਾਡੀ ਖੁਸ਼ਹਾਲੀ ਦਾ ਰਾਜ਼

## "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

ਟਮਾਟਰ : N.S. 815, ਉਤਸਵ ਅਤੇ ਅਮੋਘ
ਫੁਲ ਗੋਭੀ : N.S. 60, N.S. 84 ਅਤੇ N.S. 90
ਭਿੰਡੀ : ਅਰਕਾ ਅਨਾਮਿਕਾ
ਤਰਬੂਜ਼ : N.S. 295 (ਸਮਰ ਸਵੀਟ) N.S. 246 ਅਤੇ N.S. 2332
ਖਰਬੂਜਾ : N.S.7455 ਅਤੇ ਅਭਿਜੀਤ
ਲੌਕੀ (ਘੀਆ) : ਕਾਵੇਂਰੀ
ਤੋਰਈ : ਸੰਜੀਵਨੀ ਅਤੇ ਹੋਰ ਬਹੁਤ ਕੁਝ

**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

## ਨਾਮਧਾਰੀ ਸੀਡਜ਼ ਪ੍ਰਾਈਵੇਟ ਲਿ:

## NAMDHARI SEEDS PVT LTD

**H. O.** Bidadi, Bangalore 562 109 INDIA
Tel : 080-7282401/2/3/4. 91-080-7282653/54
**Liaison Office :** 119, 9th Main Road, Ideal Homes, Rajarajeshwari Nagar, Bangalore-560098
**Tel :** 91-80-8602167/69
**Fax :** 91-80-8602168
email:namdhariseeds@vsnl.com, website:www.namdhariseeds.com

https://archive.org/details/namdhari


ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**ਬੀ. ਬੀ. ਐਲ ਫੂਡਜ਼ ਪ੍ਰਾਈਵੇਟ ਲਿਮਟਡ**

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ

ਹਿੰਦੋਸਤਾਨ ਦੀ ਪਹਿਲੀ ਕੰਪਨੀ

BBL FOODS PVT. LTD.

***Pinoneer Manufacturer in India of***

- *Automatic machines for producing Biscuits*
- *Automatic machines for producing Wafers*

*and*

*Makers of High quality Biscuits*

**BBL Foods Pvt. LTD.**

*Santosh Nagar (X) Roads, Hyderabad-500 059 India*

Ph.:— +91-40-4530680, 82,84 Fax :— +91-40--4530475

*E-mail:amber @hd1.vsnl.net.in*

**Balvinder Pal Singh**
Manging Director

**Lakhbir Singh Muchhal** Director
**Bakhshish Singh Muchhal** Director




Sri Satguru Jagjit Singh Ji eLibrary NamdhariElibrary@gmail.com

https://archive.org/details/namdhari


੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ
ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

**ਨਾਮਧਾਰੀ ਸੇਲਜ਼**

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

*Manufactuers :*

**Namdhari Sales**

10240/54, Library Road, Azad Market, Delhi-11006




Sri Satguru Jagjit Singh Ji eLibrary NamdhariElibrary@gmail.com

https://archive.org/details/namdhari

# "ਇਹੁ ਵਾਪਾਰੁ ਵਿਰਲਾ ਵਾਪਾਰੈ"

—ਗੁਰਬਚਨ ਸਿੰਘ ਨਾਮਧਾਰੀ

ਸੰਸਾਰ ਇਕ ਬਾਜ਼ਾਰ ਹੈ। ਹਰ ਚੀਜ਼ ਬਾਜ਼ਾਰ ਵਾਂਗ ਇਥੇ ਮਿਲਦੀ ਹੈ। ਭੌਤਕਵਾਦੀ-ਸੁਖ, ਐਸ਼-ਓ-ਆਰਾਮ ਦੇ ਸਾਧਨ ਭੀ ਅਤੇ ਸੰਸਾਰ ਤੋਂ ਮੁਕਤ ਹੋਣ ਦਾ ਗਿਆਨ-ਬੋਧ ਭੀ। ਭੋਗ ਵਿੱਚ ਡੁੱਬੇ ਬਿਲਾਸੀਆਂ ਲਈ ਸੁਰਾ-ਸੁੰਦਰੀ ਭੀ ਮੌਜੂਦ ਹਨ ਅਤੇ ਧਰਮ ਗਿਆਨ ਦੇ ਦਾਤੇ "ਸੰਤ" ਭੀ ਇਸੇ ਮਨੁਖਾ ਸੰਸਾਰ ਵਿਚ ਉਪਲਬਧ ਹਨ। ਇਕ ਪੰਸਾਰੀ ਦੀ ਦੁਕਾਨ ਹੈ ਜਿਥੇ ਜ਼ਰੂਰਤਾਂ ਦੀ ਹਰ ਸ਼ੈਅ ਮਿਲਦੀ ਹੈ, ਅਮ੍ਰਿਤਧਾਰਾ ਭੀ ਅਤੇ ਚੂਹੇ ਮਾਰਣ ਦੀ ਦਵਾ ਭੀ। ਅਮ੍ਰਿਤ ਭੀ, ਜ਼ਹਿਰ ਭੀ। ਗ੍ਰਾਹਕ ਦੀ ਮੰਗ ਅਨੁਸਾਰ ਦੁਕਾਨਦਾਰ, ਪਦਾਰਥ ਦੇ ਰਿਹਾ ਹੈ। ਦੋ ਤਰ੍ਹਾਂ ਦੇ ਵਪਾਰੀ ਇਸ ਬਾਜ਼ਾਰ ਵਿਚ ਖਰੀਦ ਫਰੋਖਤ ਕਰ ਰਹੇ ਹਨ। ਧਨ ਸੰਪਤੀ, ਵੈਭਵ ਦਾ ਬਾਜ਼ਾਰ ਗਰਮ ਹੈ। ਹਰ ਸ਼ਖਸ ਇਸਦੀ ਚਕਾਚੌਂਧ ਵਿਚ ਆਪਣੇ ਮੂਲ ਮੰਤਵ ਨੂੰ ਭੁੱਲ ਰਾਸ ਵਿਲਾਸ ਦਾ ਦੀਵਾਨਾ ਨਜ਼ਰ ਆ ਰਿਹਾ ਹੈ। ਮੰਗ ਅਨੁਸਾਰ ਇਨ੍ਹਾਂ ਪਦਾਰਥਾਂ ਦੀਆਂ ਦੁਕਾਨਾਂ ਵਧ ਰਹੀਆਂ ਹਨ। ਭੌਤਕ-ਵਾਦੀ ਸੁਖ-ਸਮਗਰੀ ਦੀਆਂ ਵੱਡੀਆਂ-ਵੱਡੀਆਂ ਦੁਕਾਨਾਂ, ਵਖਰੇ-ਵਖਰੇ ਮਨ ਲੁਭਾਵਣੇ ਬੈਨਰ ਹੇਠ ਖੁਲ ਗਈਆਂ ਹਨ। ਵਕਤ ਦੀ ਨਜ਼ਾਕਤ ਅਤੇ ਗ੍ਰਾਹਕ ਦੀ ਵੱਧ ਰਹੀ ਮੰਗ ਨੂੰ ਵੇਖਦਿਆਂ ਹੋਇਆਂ, ਕਈ-ਤਥਾਕਥਤ ਧਾਰਮਕ ਡੇਰੇ ਭੀ ਇਸ ਬਾਜ਼ਾਰ ਵਿਚ ਦੁਕਾਨਾਂ ਲਾ ਬੈਠੇ ਹਨ। ਵਧ ਰਹੀ ਮੰਗ ਅਤੇ ਖੇਤਰ ਨੂੰ ਮੁਖ ਰਖਦਿਆਂ ਹੋਇਆਂ, ਵਿਦੇਸ਼ਾਂ ਵਿਚ ਭੀ ਸ਼ਾਖਾਵਾਂ ਖੁੱਲ੍ਹ ਰਹੀਆਂ ਹਨ। "ਦੁਕਾਨ ਜਾਂਦੇ ਹੋ, ਦਫ਼ਤਰ ਜਾਂਦੇ ਹੋ, ਪੂਰੀ ਨਹੀਂ ਪੈਂਦੀ। ਇਥੇ ਆਓ-ਮੂੰਹ ਮੰਗੀਆਂ ਮੁਰਾਦਾਂ ਪਾਓ! ਪੁੱਤਰ-ਧਨ, ਮੁਕਦੱਮੇ ਵਿਚ ਜਿੱਤ ਜੋ ਮੰਗੋਗੇ, ਮਿਲੇਗਾ" ਜਿਹੇ ਮੂੰਹੋ ਬੋਲਦੇ ਵਿਗਿਆਪਨ ਗੂੰਜ ਰਹੇ ਹਨ। ਦੁਸਰੇ ਪਾਸੇ ਇਸੇ ਸੰਸਾਰ ਦੇ ਕਿਸੇ ਇਕਾਂਤ ਵਿਚ, ਪਹਾੜਾਂ ਦੀ ਨਿਰਜਨ ਗੁਫਾਵਾਂ ਵਿਚ,ਜੰਗਲਾਂ ਦੀ ਕਿਸੇ ਕੰਦਰਾ ਵਿਚ ਜਾਂ ਸੰਸਾਰ ਵਿਚ ਉਦਾਸੀਆਂ ਕਰਦੇ, ਤੁਰਦੇ ਫਿਰਦੇ, ਸ਼ਾਂਤੀ ਦਾ ਸੰਦੇਸ਼ ਦਿੰਦੇ "ਸੰਤ" ਭੀ ਮੌਜੂਦ ਹਨ। ਜੋ ਸਰਬਤ੍ਰ ਦਾ ਭਲਾ ਮੰਗ ਰਹੇ ਹਨ, ਅਤੇ ਪ੍ਰਾਣੀ ਨੂੰ "ਬਾਜ਼ਾਰ" ਵਿਚ ਆਉਣ ਦਾ ਮੁਖ ਮੰਤਵ ਚੇਤੇ ਕਰਵਾ ਰਹੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ, ਸੰਸਾਰ ਦੇ ਬਾਜ਼ਾਰ ਵਿਚ ਆਏ ਪ੍ਰਾਣੀ ਨੂੰ ਕਰਤਵ-ਬੋਧ ਕਰਾ ਰਹੇ ਹਨ—"ਇਹੁ ਵਾਪਾਰੁ ਵਿਰਲਾ ਵਾਪਾਰੈ, ਨਾਨਕ ਤਾਕੈ ਸਦ ਬਲਿਹਾਰੈ।" (ਸੁਖਮਨੀ) ਜਨਮ ਤੋਂ ਹੀ ਬਾਲਕ ਦੇ ਕੰਨਾਂ ਵਿਚ ਮਾਇਕ ਸ਼ੋਰ ਪੈ ਰਿਹਾ ਹੈ। ਘਰ ਵਿਚ, ਸਕੂਲ ਵਿਚ, ਦਫ਼ਤਰ ਵਿਚ, ਬਾਜ਼ਾਰ ਵਿਚ, ਹਰ ਥਾਂ ਇਕ ਦੂਸਰੇ ਨੂੰ ਪਿੱਛੇ ਧੱਕਣ ਦੀ ਰੱਸਾ ਕੱਸੀ ਚਲ ਰਹੀ ਹੈ। ਇਸ ਸ਼ੋਰ ਵਿਚ, ਮਾਇਕ ਚਕਾਚੌਂਧ ਵਿਚ, ਪ੍ਰਾਣੀ, ਮੁਕਤੀ ਦੇ ਮੁਖ ਮੰਤਵ ਨੂੰ ਭੁੱਲ ਗਿਆ। ਰਾਸ ਬਿਲਾਸ ਅਤੇ ਭੌਤਕਵਾਦੀ ਭੋਗਾਂ ਨੇ ਲੀਹ ਤੋਂ ਬਹੁਤ ਪਰੇ ਧੱਕ ਦਿੱਤਾ। ਪਤਾ ਭੀ ਨਾ ਲੱਗਾ ਕਦੋਂ ਧਵਲੇ ਆ ਗਏ, ਜੀਵਨ ਦੀ ਸ਼ਾਮ ਘਿਰ ਆਈ। ਬਹੁਤੇ ਜਨਮਾਂ ਵਾਂਗ ਇਹ ਜਨਮ ਭੀ ਵਿਅਰਥ ਚਲਾ ਗਿਆ। ਦੂਸਰੇ ਪਾਸੇ ਕਿਸੇ ਸੰਤ ਦੀ ਕੁਟੀਆ ਵਿਚ ਪਰਮ ਸ਼ਾਂਤੀ ਹੈ। ਕੋਈ ਪ੍ਰਚਾਰ ਸਮਗਰੀ ਨਹੀਂ, ਲਾਊਡ ਸਪੀਕਰ ਨਹੀਂ ਵਿਗਿਆਪਨ ਦਾ ਸ਼ੋਰ ਨਹੀਂ। ਪਰਮ ਮੌਨ ਵਿਆਪਤ ਹੈ, ਕਿਸੇ ਪਹਾੜੀ ਝੀਲ ਵਾਂਗ ਸਵਾਸਾਂ ਦੀਆਂ ਹਲਕੀਆਂ ਲਹਿਰਾਂ ਵਾਂਗ ਜੀਵਨ ਚਲ ਰਿਹਾ ਹੈ, ਨਿਰ ਹੰਕਾਰ, ਨਿਸ਼ਕਾਮ/ਇਤਨਾ ਸਰਲ-ਇਤਨਾ ਸਹਿਜ ਕਿ ਹੁਣ, ਤਿਆਗ ਅਤੇ ਦਾਨ ਜਿਹੇ ਸ਼ਬਦ ਭੀ-ਵਿਅਰਥ ਹੋ ਗਏ। ਕਿਸੇ ਵਸਤੂ ਦੀ ਜਰੂਰਤ ਹੋਵੇ, ਕਾਮਨਾ ਹੋਵੇ ਔਰ ਉਹ ਵਸਤੂ ਦਾਨ ਕਰ ਦਈਏ ਤਾਂ ਤਿਆਗ ਦਾ ਅਰਥ ਸਮਝ ਵਿਚ ਆਉਂਦਾ ਹੈ। ਸੰਤ ਲਈ ਤਾਂ ਸੰਸਾਰ ਹੀ ਨਾਸ਼ਵਾਨ ਹੈ। ਸੰਸਾਰ ਦੀ ਹਰ ਵਸਤੂ ਧਨ ਜੋਬਨ ਸੁਤ-ਦਾਰਾ-ਮਹਿਲ-ਮੰਡਪ ਇਥੋਂ ਤਕ ਕਿ ਆਪਣੀ ਦੇਹ ਭੀ ਨਸ਼ਵਰ ਹੈ। ਘਰ ਦੇ ਕੂੜੇ ਵਾਂਗ ਵਿਅਰਥ! ਇਹ ਕੂੜਾ ਕੋਈ ਲੈ ਜਾਏ ਤਾਂ ਸੰਤ ਸ਼ੁਕਰ ਗੁਜ਼ਾਰ ਹੁੰਦਾ ਹੈ। ਸੁੱਟਣ ਦੀ ਖੇਚਲ ਤੋਂ ਬਚਾ ਲਿਆ, ਕੁਟੀਆ ਨੂੰ ਕੂੜੇ ਤੋਂ ਮੁਕਤ ਕਰ ਦਿੱਤਾ, ਤੁਹਾਡਾ ਧੰਨਵਾਦ।

ਤਾਂ ਪੰਜਵੇਂ-ਪਾਤਸ਼ਾਹ ਪ੍ਰਾਣੀ-ਜੀਵਨ ਨੂੰ ਸੇਧ ਦਿੰਦੇ ਹਨ-"ਇਹੁ ਵਾਪਾਰੁ ਵਿਰਲਾ ਵਾਪਾਰੈ"।

ਸ਼ਕਤੀ ਮਾਂ ਦੀ ਸਹੈਤਾ ਨਾਲ ਦੈਤਾਂ ਨੂੰ ਮਾਰ, ਇੰਦਰ ਸਹਿਤ ਸਾਰੇ ਦੇਵਤੇ ਸੁਰਲੋਕ ਆਏ। ਇਸ ਖੁਸ਼ੀ ਵਿੱਚ ਦੇਵਰਾਜ ਇੰਦਰ ਨੇ ਨਵੀਂ ਅਮਰਾਵਤੀ (ਰਾਜਧਾਨੀ) ਬਣਾਈ। ਵਿਸ਼ਵਕਰਮਾ ਭਗਵਾਨ ਦੀ ਦੇਖ-ਰੇਖ ਵਿਚ ਸੋਹਣੀ ਰਾਜਧਾਨੀ ਨਿਰਮਤ ਹੋਈ। ਖੁਸ਼ੀ ਵਿਚ ਸਾਰੇ ਦੇਵਤਿਆਂ ਅਤੇ ਰਿਸ਼ੀਆਂ-ਮੁਨੀਆਂ ਨੂੰ ਸੱਦਾ ਦਿੱਤਾ ਗਿਆ। ਆਪਣੀ-ਆਪਣੀ ਸਮਰੱਥਾ ਅਨੁਸਾਰ ਸੋਹਣੀਆਂ ਸਵਾਰੀਆਂ ਤੇ, ਦਲ-ਬਲ ਸਹਿਤ, ਦੇਵੀ ਦੇਵਤੇ ਆਏ। ਤਪੋਬਲ ਨਾਲ ਜੋਗੀ-ਤਪੀ, ਰਿਸ਼ੀ-ਮੁਨੀ ਆਏ। ਸ਼ਕਤੀ ਪ੍ਰਦਰਸ਼ਨ ਦੇ ਉਸ ਤਾਮਝਾਮ ਵਿਚ, ਇਕ ਨੰਗ-ਧੜੰਗ ਸਾਧੂ ਭੀ ਆਇਆ ਸੀ। ਤੇੜ ਵਲਕਲ ਬ੍ਰਿਛ ਦੀ ਛਾਲ, ਛਾਤੀ ਤੇ ਬਹੁਤ ਸਾਰੇ ਰੋਮ। ਰਾਜੇ ਇੰਦਰ ਨੇ ਕਿਹਾ ਸੰਤ ਜੀ ਇਸ ਤਰ੍ਹਾਂ ਨੰਗੇ ਚੰਗੇ ਨਹੀਂ ਲਗਦੇ। ਇਥੇ ਇੰਦਰਪੁਰੀ ਵਿਚ ਹਰ ਤਰ੍ਹਾਂ ਦੇ ਵਸਤਰ ਅਤੇ ਹੋਰ ਮਨ



Sri Satguru Jagjit Singh Ji eLibrary NamdhariElibrary@gmail.com

ਭਾਉਂਦੇ ਪਦਾਰਥਾਂ ਦੇ ਭੰਡਾਰ ਭਰੇ ਹਨ। ਕ੍ਰਿਪਾ ਕਰਕੇ ਵਸਤਰ ਧਾਰਨ ਕਰ ਲਵੋ। ਫੱਕੜ ਸਾਧੂ ਨੇ ਕਿਹਾ, ਇਹ ਜੀਵਨ-ਬਹੁਤ ਛੋਟਾ ਹੈ ਇਸਦੇ ਸਮੇਂ ਨੂੰ ਵਸਤਰਾਂ ਨਾਲ ਸਜੋਣ ਵਿਚ ਬਤੀਤ ਕਰਨਾ ਵਿਅਰਥ ਹੈ। "ਤੁਹਾਡੀ ਕਿੰਨੀ ਕੁ ਉਮਰ ਹੈ?" ਇੰਦਰ ਨੇ ਕਿਹਾ। "ਬਹੁਤ ਥੋਹੜੀ" ਸਾਧੂ ਦਾ ਸੰਖੇਪ ਉਤਰ ਸੀ। ਜਿੱਤ ਦੇ ਨਸ਼ੇ ਵਿਚ ਅਤਿ ਉਤਸ਼ਾਹੀ ਇੰਦਰ ਦੇ ਬਾਰ-ਬਾਰ ਜ਼ੋਰ ਦੇਣ ਤੇ ਸਾਧੂ ਨੇ ਕਿਹਾ, "ਤੂੰ ਮੇਰੀ ਉਮਰ ਜਾਣਨਾ ਚਾਹਤਾ ਹੈ-ਦੇਵਰਾਜ ਇੰਦਰ! ...... ਤੋ ਸੁਨ। ਜਬ ਏਕ ਇੰਦਰ ਅਪਨੀ-ਪੂਰਨ ਆਯੂ ਭੋਗ ਕਰ ਮਰਤਾ ਹੈ, ਤੋ ਮੇਰੀ ਛਾਤੀ ਪਰ ਇਕ ਲੋਮ (ਰੋਮ) ਪੈਦਾ ਹੋਤਾ ਹੈ ਦੇਖ! ਮੇਰੀ ਛਾਤੀ ਪਰ ਉਗੇ ਹੁਏ ਸੈਂਕੜੋਂ ਲੋਮ ਤੁਝ ਜੈਸੇ ਸੈਂਕੜੋਂ ਇੰਦਰੋਂ ਕੀ ਉਮਰ ਕੇ ਪ੍ਰਤੀਕ ਹੈਂ। ਤੂੰ ਏਕ ਅਮਰਾਵਤੀ ਕੇ ਮਦ ਮੇ ਚੂਰ ਹੈ। ਮੇਰੇ-ਯੇ ਲੋਮ ਸੈਂਕੜੋਂ ਅਮਰਾਵਤੀਓਂ ਔਰ ਸੈਂਕੜੋਂ ਇੰਦਰੋਂ ਕੇ ਕਾਲ-ਖੰਡ ਹੈਂ। ਇਸ ਲੀਏ ਲੋਗੋਂ ਨੇ ਮੇਰਾ ਨਾਮ "ਲੋਮਸ਼" ਰੱਖਾ ਹੈ। ਪਰ ਮੇਰੀ ਨਜ਼ਰ ਮੇਂ ਜੀਵਨ ਕੀ ਕੋਈ ਉਮਰ-ਸੀਮਾ ਨਹੀਂ, ਜੀਵਨ ਅਨੰਤ ਹੈ। ਉਸ ਅਨੰਤਤਾ ਕੇ ਬੀਚ ਮੇ ਛੋਟੀ ਸੀ ਉਮਰ ਇਸੇ ਬੇਕਾਰ ਕੇ ਸਜਾਣੇ-ਸਵਾਰਣੇ ਮੇਂ ਨਹੀਂ ਬਿਤਾ ਦੇਨਾ ਚਾਹੀਏ। ਸਦੀਵੀ ਜੀਵਨ ਕਾ ਸੰਦੇਸ਼ ਚੇਤੇ ਰੱਖਣ ਵਾਲੇ ਸੰਤ ਲਈ ਸੰਸਾਰਕ ਵਪਾਰ ਬੇਮਾਨੇ ਹੈ।"

ਸਭ ਜੂਨੀਆਂ ਤੋਂ ਉਤਮ ਹੈ, ਮਨੁੱਖਾ ਜੀਵਨ।" ਇਸ ਦੇਹੀ ਕੋ ਤਰਸੇ ਦੇਵ।" ਇਸ ਦੇਹ ਵਿਚ ਹੀ ਪਰਮ ਆਨੰਦ ਦੀ ਪ੍ਰਾਪਤੀ ਹੋ ਸਕਦੀ ਹੈ। ਸਦ ਚਿਤ ਆਨੰਦ ਦਾ ਵਸੀਲਾ ਹੈ, ਮੁਕਤੀ ਦਾ ਮਾਰਗ ਹੈ ਇਹ ਦੇਹ। ਪਰ ਅਗਿਆਨਤਾ ਵਸ਼ ਭੌਤਕਵਾਦੀ ਸੰਸਾਰਕ-ਪਦਾਰਥਾਂ ਦੀ ਰੇਸ ਦੌੜ ਰਿਹਾ ਮਨੁੱਖ ਤਨਾਅ ਗ੍ਰਸਤ ਹੈ। ਸੁਖ ਦੀ ਚਾਹਤ ਵਿਚ ਹਰ ਦੁਖ ਗਲ ਪਾਉਂਦੇ ਰਹੇ ਹਾਂ ਅਸੀਂ। ਮਨ ਦਾ ਗਣਿਤ ਬੜਾ ਜਟਿਲ ਹੈ। ਇਹ ਕਦੀ ਤ੍ਰਿਪਤ ਨਹੀਂ ਹੁੰਦਾ।

"ਸਹਸ ਖਟੇ ਲਖ ਕਉ ਉਠਿ ਧਾਵੈ/ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ।" (ਸੁਖਮਨੀ)

ਇਸੇ ਮਨੁਖੀ ਮਨੋ ਵਿਗਿਆਨ ਨੂੰ ਕਬੀਰ ਜੀ ਦਸਦੇ ਹਨ—

"ਜੋਗੀ ਦੁਖੀਆ ਜੰਗਮ ਦੁਖੀਆ, ਤਾਪਸ ਕੋ ਦੁਖ ਦੂਨਾ ਹੋ। ਆਸ਼ਾ ਤ੍ਰਿਸ਼ਨਾ ਸਗਲ ਵਿਆਪੀ, ਕੋਊ ਮਹਿਲ ਨਾ ਸੂਨਾ ਹੋ! ਅਵਧੂ ਦੁਖੀਆ, ਭੂਪਤ ਦੁਖੀਆ, ਰੰਕ ਦੁਖੀ-ਵਿਪਰੀਤਾ ਹੋ। ਕਹੈ ਕਬੀਰ ਸਭੈ ਜਗ ਦੁਖੀਆ, ਇਕ ਸੰਤ ਸੁਖੀ ਮਨਜੀਤਾ ਹੋ।" —ਕਬੀਰ

ਸਭ ਦੁਖੀ ਹਨ। ਸੰਸਾਰਕ ਪ੍ਰਾਣੀ ਦੁਖੀ ਹੈ, ਜੋਗ ਅਭਿਆਸ ਕਰ ਰਿਹਾ ਜੋਗੀ ਦੁਖੀ ਹੈ, ਕਿਸੇ ਕਾਮਨਾ ਨਾਲ ਤਪ ਕਰ ਰਿਹਾ ਤਪਸਵੀ ਦੁਖੀ ਹੈ। ਰਾਜਾ ਔਰ ਰੰਕ ਅਮੀਰ ਗਰੀਬ ਸਾਰੇ ਦੁਖੀ ਹਨ; ਕਿਉਂਕਿ ਮਨ ਦਾ ਸੁਭਾਅ ਨਹੀਂ ਸਮਝ ਸਕੇ। ਪਰ ਇਸੇ ਸੰਸਾਰ ਵਿਚ ਮਨ ਨੂੰ ਵਸ ਕਰਨ ਵਾਲਾ ਸੰਤ, ਕਰੋੜਾਂ ਵਿਚ ਕੋਈ ਏਕ, ਸੁਖੀ ਮਿਲੇਗਾ।

ਤਾਂ ਪੰਜਵੇ ਪਾਤਸ਼ਾਹ ਸੁਖੀ ਹੋਣ ਦਾ ਸੂਤ੍ਰ ਦਿੰਦੇ ਹਨ— "ਇਹੁ ਵਾਪਾਰੁ ਵਿਰਲਾ ਵਾਪਾਰੈ" ਕੂੜੇ ਦਾ ਵਪਾਰ ਵਿਅਰਥ ਹੈ। ਜੋ ਨਾਲ ਨਹੀਂ ਜਾਣਾ ਉਸਦੀ ਜਮਾਖੋਰੀ ਬੇਕਾਰ ਹੈ ਮਾਇਕ ਪਦਾਰਥਾਂ ਦੀ ਚਾਹਤ ਹੀ ਮਨੁੱਖੀ ਦੁਖ ਦਾ ਕਾਰਨ ਹੈ। ਸੰਸਾਰਕ ਮੰਗਾਂ ਹੀ ਮਨੁੱਖ ਨੂੰ ਸਭ ਅੱਗੇ ਹੱਥ ਅਡਾਉਂਦੀਆਂ ਹਨ। ਦਇਆ ਦਾ ਪਾਤਰ ਬਣਾਉਂਦੀਆਂ ਹਨ।

ਭਗਤ ਕਬੀਰ ਕਹਿੰਦੇ ਹਨ-ਚਾਹਤ ਮਿਟੀ, ਚਿੰਤਾ ਗਈ, ਮਨੂਆ ਬੇਪਰਵਾਹ। ਜਿਸਕੋ ਕਛੂ ਨ ਚਾਹੀਏ ਸੋਈ ਸ਼ਹਿਨਸ਼ਾਹ।

**ਸਵਾਮੀ ਰਾਮ ਤੀਰਥ ਜਦੋਂ ਪੂਰਨ ਨਿਸ਼ਕਾਮ ਹੋ ਗਏ,** ਆਪਣੇ ਆਪ ਨੂੰ ਬਾਦਸ਼ਾਹ ਕਹਿਣ ਲਗੇ, ਰਾਮ-ਬਾਦਸ਼ਾਹ! ਸਿਆਲ ਦੀ ਇਕ ਸਵੇਰ ਨੂੰ ਬਿਆਸਾ ਦੇ ਕੰਢੇ ਤੇ ਧੁੱਪ ਵਿਚ ਲੇਟੇ ਹੋਏ ਨੰਗ ਧੜੰਗ ਫਕੀਰ ਦੇ ਸਾਹਮਣੇ ਵਿਸ਼ਵ ਵਿਜੈ ਦੀ ਕਾਮਨਾ ਨਾਲ ਨਿਕਲਿਆ ਸਿਕੰਦਰ ਬਹੁਤ ਛੋਟਾ ਹੈ। ਸਿਕੰਦਰ ਕਹਿੰਦਾ ਹੈ—ਓ ਫਕੀਰ! ਅੱਜ ਮਹਾਨ ਸਿਕੰਦਰ ਤੇਰੇ ਸਾਹਮਣੇ ਖੜਾ ਹੈ, ਮੰਗ ਲੈ ਜੋ ਮੰਗਣਾ ਹੈ। ਗਿੱਚੀ ਥੋੜੀ ਜਿਹੀ ਉੱਤੇ ਚੁੱਕ ਫਕੀਰ ਨੇ ਸਿਕੰਦਰ ਵਲ ਵੇਖਿਆ ਅਤੇ ਹੱਸਣ ਲੱਗਾ! "ਸੰਸਾਰ ਦੀ ਭੁੱਖ ਆਪਣੇ ਵਿਚ ਸਮੇਟਣ ਵਾਲਾ ਅਦਨਾ ਸਿਕੰਦਰ! ਤੂੰ ਮੈਨੂੰ ਹੋਰ ਤਾਂ ਕੁਝ ਨਹੀਂ ਦੇਣ ਜੋਗਾ....... ਕ੍ਰਿਪਾ ਕਰ ਸਾਹਮਣੇ ਤੋਂ ਹਟ ਜਾ, ਮੇਰੀ ਧੁੱਪ ਨਾ ਰੋਕ।" ਕਹਿੰਦੇ ਹਨ ਸਿਕੰਦਰ ਆਪਣੀ ਜ਼ਿੰਦਗੀ ਵਿਚ ਇਤਨਾ ਸ਼ਰਮਸਾਰ ਹੋਰ ਕਦੀ ਨਹੀਂ ਸੀ ਹੋਇਆ।

ਦੋਨੋਂ ਖਰੀਦ ਕਰ ਰਹੇ ਹਨ, ਸੰਸਾਰ ਦੇ ਬਜ਼ਾਰ ਵਿਚ ਹਰ ਘਰ ਵਿਚ ਸੰਸਾਰਕ ਸਾਜੋ-ਸਾਮਾਨ ਜਮ੍ਹਾ ਹੋ ਰਿਹਾ ਹੈ, ਅਪਾਰ ਧਨ ਕੱਠਾ ਹੋ ਰਿਹਾ ਹੈ। ਕਿਸੇ ਕਾਮਨਾ ਅਧੀਨ, ਜੋਗ ਕਰੇਗਾ, ਤਪ ਕਰੇਗਾ ਰਿੱਧੀ ਸਿੱਧੀ ਪ੍ਰਾਪਤ ਕਰੇਗਾ ਅਹੰਕਾਰ-ਵਧਾਇਗਾ, ਸ਼ਕਤੀ ਦੀ ਦੁਰ ਵਰਤੋਂ ਕਰੇਗਾ, ਪਰ ਮੌਤ ਦੇ ਸਾਹਮਣੇ ਆਉਂਦਿਆਂ ਸਭ ਵਿਅਰਥ ਹੋ ਜਾਏਗਾ। ਸੰਸਾਰਕ ਹੰਕਾਰ ਟੁਟੇਗਾ ਔਰ ਮਰਨ ਵੇਲੇ ਸਿਕੰਦਰ ਦੇ ਹੱਥ ਭੀ ਖਾਲੀ ਹੋ ਜਾਣਗੇ। ਪਰ ਜਿਨ੍ਹਾਂ ਵਪਾਰ ਕੀਤਾ ਸੱਚ ਦਾ , ਸਿਮਰਨ ਦਾ, ਪ੍ਰਭੂ ਦੇ ਪ੍ਰਤੀ ਸਮਰਪਨ ਦਾ, ਉਹਨਾਂ ਕਦੀ ਕੋਈ ਮੰਗ, ਕੋਈ ਕਾਮਨਾ ਨਹੀਂ ਰੱਖੀ। ਜੀਵਨ ਨੂੰ ਕਿਸੇ ਸੰਸਾਰਕ ਮੰਗ ਨਾਲ ਨਹੀਂ ਜੋੜਿਆ, ਜੀਵਨ ਦੀ ਆਸ ਨਹੀਂ ਕੀਤੀ-ਉਹ ਜੀਵਨ ਮੁਕਤ ਹੋ ਗਏ। ਤਾਂ ਪੰਜਵੇਂ ਪਾਤਸ਼ਾਹ ਜੀਵਨ-ਮੰਤਵ ਨੂੰ ਪ੍ਰਾਪਤ ਕਰਨ ਵਾਲੇ ਉਨ੍ਹਾਂ ਸੰਤ-ਪੁਰਸ਼ਾਂ ਬਾਬਤ ਕਹਿੰਦੇ ਹਨ-

"ਨਾਨਕ ਤਾ ਕੈ ਸਦ ਬਲਿਹਾਰੈ।"

*੭੬੯ ਫੇਜ਼ ੬ ਮੁਹਾਲੀ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਸੰਗੀਤ ਦਾ ਅਦਭੁਤ ਕੇਂਦਰ ਸ੍ਰੀ ਭੈਣੀ ਸਾਹਿਬ

—ਜਗਦੀਸ਼ ਸਿੰਘ

ਮਾਸਕ ਵਰਿਆਮ ਦੇ ਅਕਤੂਬਰ ੧੯੯੫ ਵਾਲੇ ਅੰਕ ਦੇ ਮੁੱਖ ਪੰਨੇ ਤੇ ਇਕ ਤਸਵੀਰ ਛਪੀ ਹੈ, ਜੋ ਹੈ ਤਾਂ ਆਮ ਤਸਵੀਰ ਹੀ ਪਰ ਇਹ ਤਸਵੀਰ ਬਹੁਤ ਕੁਝ ਕਹਿ ਜਾਂਦੀ ਹੈ। ਇਹ ਸ੍ਰੀ ਭੈਣੀ ਸਾਹਿਬ ਵਿੱਚ ਹੋ ਰਹੀ ਇਕ ਆਮ ਸੰਗੀਤ ਸਭਾ ਦੀ ਹੈ। ਆਮ ਸੰਗੀਤ ਸਭਾ ਤੋਂ ਭਾਵ ਹੈ ਕਿ ਕਿਸੇ ਵਡੀ ਸੰਗੀਤ ਕਾਨਫਰੰਸ ਦੀ ਨਹੀਂ, ਕਿਸੇ ਵੱਡੇ ਉੱਚੇ ਸਟੇਜ ਦੀ ਵੀ ਨਹੀਂ ਸਗੋਂ ਫਰਸ਼ ਤੇ ਚਦਰਾਂ ਵਿਛਾ ਕੇ ਬੈਠੇ ਲੋਕਾਂ ਦੀ ਹੈ। ਪਰ ਫਿਰ ਵੀ ਇਸ ਦੀ ਆਪਣੀ ਮਹੱਤਤਾ ਹੈ। ਇਕ ਪਾਸੇ ਆਪਣੇ ਆਸਣ ਤੇ ਸਤਿਗੁਰੂ ਜਗਜੀਤ ਸਿੰਘ ਜੀ ਸਸ਼ੋਭਤ ਹਨ। ਛੋਟਾ ਜਿਹਾ ਮਾਈਕ ਸਟੈਂਡ ਓਹਨਾਂ ਦੇ ਸਾਹਮਣੇ ਪਿਆ ਹੈ। ਉਹਨਾਂ ਦੇ ਨਾਲ ਹੀ ਇਕ ਸਜਣ ਢੋਲਕ ਲੈ ਕੇ ਬੈਠੇ ਹਨ। ਸਤਿਗੁਰੂ ਜੀ ਦੇ ਨਾਲ ਢੋਲਕ ਲੈ ਕੇ ਕੋਈ ਬੈਠਾ ਹੋਵੇ ਇਹ ਵੀ ਕੋਈ ਵਡੀ ਗਲ ਨਹੀਂ। ਆਮ ਜਿਹੀ ਗੱਲ ਹੈ। ਪਰ ਇਹ ਬੰਦਾ ਆਮ ਨਹੀਂ। ਇਹ ਭਾਰਤ ਦਾ ਸੰਸਾਰ ਪ੍ਰਸਿੱਧ ਨ੍ਰਿਤਕ ਹੈ। ਪੰਡਿਤ ਬਿਰਜੂ ਮਹਾਰਾਜ। ਸੰਗੀਤ ਦੀਆਂ ਤਿੰਨੇ ਹੀ ਕਲਾਵਾਂ ਗਾਇਣ, ਵਾਦਨ ਅਤੇ ਨ੍ਰਿਤ ਵਿਚ ਸਿਖਰਲੀ ਅਨਭੂਤੀ। ਬਿਰਜੂ ਮਹਾਰਾਜ ਜਿਨ੍ਹਾਂ ਦੀ ਲੈਅਕਾਰੀ ਅਤੇ ਤਾਲ ਦੀ ਸੂਝ ਦਾ ਜਵਾਬ ਨਹੀਂ, ਦੁਨੀਆਂ ਦੀਆਂ ਪ੍ਰਸਿੱਧ ਸਟੇਜਾਂ ਤੇ ਪ੍ਰਸਿੱਧ ਮੌਕਿਆਂ ਅਤੇ ਵਿਅਕਤੀਆਂ ਸਾਹਮਣੇ ਪ੍ਰੋਗਰਾਮ ਕਰਨ ਵਾਲਾ ਇਕ ਭਾਰਤ ਦਾ ਗੌਰਵਸ਼ਾਲੀ ਕਲਾਕਾਰ ਭੈਣੀ ਸਾਹਿਬ ਵਿਖੇ ਸਾਧਰਨ ਸਫ ਤੇ ਬੈਠਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ ਗਾਣੇ ਵਿੱਚ ਸੰਗਤ ਕਰਨ ਵਾਲੀ ਇਕ ਹੋਰ ਜੋੜੀ ਬੈਠੀ ਹੈ। ਇਹ ਹੈ ਭਾਰਤ ਦੀ ਪ੍ਰਥਮ ਸ਼ਾਸਤ੍ਰੀ ਗਾਇਕਾਂ ਦੀ ਜੋੜੀ, ਰਾਜਨ-ਸਾਜਨ ਮਿਸ਼ਰਾ। ਨਾਮਧਾਰੀ ਕਲਾਕਾਰ ਪਖਾਵਜ ਲੈ ਕੇ ਬੈਠੇ ਹਨ। ਇਸ ਤਸਵੀਰ ਵਿੱਚ ਭਾਵੇਂ ਨਹੀਂ ਦਿਸ ਰਹੇ ਪਰ ਉਸ ਸਮੇਂ ਹਾਜ਼ਰ ਸਨ ਭਾਰਤ ਦੇ ਤਬਲਾ ਸਮਰਾਟ ਉਸਤਾਦ ਅੱਲਾ ਰੱਖਾ ਖਾਂ। ਬਿਰਜੂ ਮਹਾਰਾਜ ਦੇ ਹੱਥਾਂ ਵਿਚ ਇਕ ਸਾਧਾਰਣ ਢੋਲਕ ਕਲਾ ਕ੍ਰਿਤੀ ਬਣੀ ਹੋਈ ਹੈ।

ਵਰਿਆਮ ਵਿਚ ਹੀ ਛਪੇ ਇਕ ਲੇਖ ਵਿੱਚ ਇਸ ਤਸਵੀਰ ਦੀ ਵਿਆਖਿਆ ਕਰਦਿਆਂ ਦਰਜ ਹੈ .......

"ਸੰਗੀਤ ਪ੍ਰਤਿਨਿਧਾਂ ਦੀ ਮੌਜੂਦਗੀ ਵਿਚ ਸੰਪੂਰਣ ਸੰਗੀਤ ਦਾ ਮੂਰਤ ਰੂਪ ਸਤਿਗੁਰੂ ਜਗਜੀਤ ਸਿੰਘ ਜੀ ਹਨ। ਤਲਿਸਮ ਪੂਰਾ ਹੈ, ਸਮੁੱਚੀ ਕਾਇਨਾਤ ਇਸ ਦੈਵੀ ਸੰਗੀਤ ਦੇ ਰੰਗ ਵਿਚ ਭਿਜੀ ਪਈ ਹੈ।

ਸਤਿਗੁਰੂ ਜੀ ਵਲੋਂ ਰਾਗ ਮਾਲਕੌਂਸ ਦੀਆਂ ਸੁਰਾਂ ਵਿਚ ਬਣਾਈ ਗਈ ਇਕ ਬੰਦਿਸ਼, ਗੁਰੂ ਅਰਜਨ ਦੇਵ ਜੀ ਦੀ ਅਮਰ ਰਚਨਾ "ਨਾਨਕ ਬਿਜੁਲੀਆਂ ਚਮਕੰਨਿ ਘੁਰਨਿ ਘਟਾ ਅਤਿ ਕਾਲੀਆ" ਮਿਸ਼ਰਾ ਬੰਧੂ ਅਗੇ ਵੀ ਗਾਉਂਦੇ ਹਨ ਪਰ ਅਜ ਸਤਿਗੁਰੂ ਜੀ ਦੇ ਆਪਣੇ ਸਾਥ ਨਾਲ. ਹੋਰ ਵੀ ਚਲੂਲਾ ਰੰਗ ਚਾੜ੍ਹ ਰਹੀ ਹੈ। ਮਹਾਨ ਕਲਾਕਾਰ ਵਿਸਮਾਦੀ ਅਵਸਥਾ ਵਿਚ ਹਨ ਜਦੋਂ ਸਤਿਗੁਰੂ ਜੀ ਨੇ ਇਕ ਹੋਰ ਬੰਦਿਸ਼ ਮਾਲਕੌਂਸ ਵਿਚ ਗਾਈ "ਯਾ ਰੱਬਾ ਮੇਰੀ ਬੇੜੀ ਨੂੰ ਪਾਰ ਲੰਘਾ" ਉਸਤਾਦ ਅੱਲਾ ਰੱਖਾ ਆਖ ਰਹੇ ਹਨ ਮੈਨੂੰ ਵੀ ਆਪਣਾ ਬਚਪਨ ਯਾਦ ਆ ਗਿਆ ਹੈ। ਇਸੇ ਮੰਦਰ ਵਿਚ ਹੀ ਮੇਰੇ ਗੁਰੂ ਮੀਆਂ ਕਾਦਰ ਬਖਸ਼ ਵੀ ਆਏ ਸਨ........।"

ਇਸੇ ਹੀ ਲੇਖ ਵਿਚ ਅਗਲੇ ਦਿਨ ਦਾ ਜ਼ਿਕਰ ਹੈ—

"ਸਵੇਰੇ ਗਿਆਰਾਂ ਵਜੇ ਸੰਗੀਤ ਸਭਾ ਮੁੜ ਇੱਕਤ੍ਰਿਤ ਹੋਈ। ਇਸ ਵਿਚ ਸਮੂਹ ਸੰਗੀਤਕਾਰ ਹਾਜ਼ਰ ਸਨ। ਸ੍ਰੀ ਲਛਮਣ ਸਿੰਘ ਸੀਨ ਨੇ ਸਤਿਗੁਰੂ ਜੀ ਨੂੰ ਪੁੱਛਿਆ ਕਿ—ਪਿਛਲੀ ਵਾਰ ਮੈਂ ਆਇਆ ਸੀ ਤਾਂ ਸ਼ੁੱਧ ਮਲ੍ਹਾਰ ਬਾਰੇ ਪੁੱਛ ਰਹੇ ਸੀ, ਕੀ ਉਹ ਲੱਭ ਪਿਆ? ਸਤਿਗੁਰੂ ਜੀ ਨੇ ਬਾਲ ਕਲਾਕਾਰਾਂ ਨੂੰ ਮੰਚ ਤੇ ਬਿਠਾ ਦਿੱਤਾ। ਉਨ੍ਹਾਂ ਸ਼ੁਧ ਮਲ੍ਹਾਰ, ਸਮੇਤ ਕਈ ਪ੍ਰਕਾਰ ਦੇ ਮਲ੍ਹਾਰ ਗਾ ਕੇ ਸੁਣਾ ਦਿੱਤੇ। ਅੱਜ ਮੁਖ ਤੌਰ ਤੇ ਰਾਜਨ ਮਿਸ਼ਰਾ ਜੀ ਦਾ ਗਾਣਾ ਹੋਣਾ ਸੀ। ਮਲ੍ਹਾਰ ਚਲਦਾ ਵੇਖ ਕੇ ਉਹਨਾਂ ਰਾਮਦਾਸੀ ਮਲ੍ਹਾਰ ਵਿਚ ਆਲਾਪ ਸ਼ੁਰੂ ਕੀਤਾ। ਮਲ੍ਹਾਰ ਬਾਦ ਉਹਨਾਂ ਟੋਡੀ ਰਾਗ ਸ਼ੁਰੂ ਕੀਤਾ। ਅੱਧ ਵਿਚ ਜਾ ਕੇ ਕਹਿਣ ਲੱਗੇ—ਅੱਜ ਦਾ ਪ੍ਰੋਗਰਾਮ ਤਾਂ ਤਾਲੀਮ ਲੈਣ ਦਾ ਸੀ ਮੈਂ ਕੁਝ ਸੀਖੂੰਗਾ ਆਪ ਭੀ ਕ੍ਰਿਪਾ ਕੀਜੀਏ। ਹੁਣ ਸਤਿਗੁਰੂ ਜੀ ਵੀ ਟੋਡੀ ਵਿਚ ਗਾਇਣ ਕਰਨ ਲੱਗੇ। ਨਾਲ ਹੀ ਰਾਜਨ ਜੀ ਸਨ। ਉਸਤਾਦ ਉਧੋ ਖਾਂ ਦੁਆਰਾ ਸਿਖਾਈ ਤਲਵੰਡੀ ਘਰਾਣੇ ਦੀ ਬੰਦਸ਼ "ਕਰਮ ਕਰ ਜਬ ਸਭ ਬਣ ਆਏ। ਮੇਰੇ ਕਹਾ ਕਛੂ ਹੋਤ ਨਾਹੀ ਜੋ ਲਿਖਿਆਂ ਲਿਲਾਟ ਸੋ ਮੈਂ ਬਾਞੂੰ। ਹੁਣ ਵੱਖ ਵੱਖ ਰਾਗਾਂ ਵਿਚ ਅਤੇ ਤਾਲਾਂ ਵਿਚ ਬੰਦਸ਼ਾਂ ਦਾ ਉਚਾਰਨ ਹੋਇਆ। ਗਿਆਰਾਂ ਮਾਤਰਾ, ਦਸ



Sri Satguru Jagjit Singh Ji eLibrary NamdhariElibrary@gmail.com

ਮਾਤਰਾ, ਬਾਰਾਂ, ਚੌਦਾਂ, ਸੋਲਾਂ ਮਾਤਰਾ ਦੀਆਂ ਬੰਦਸ਼ਾਂ ਨਾਲ ਨਾਲ ਗਾ ਰਹੇ ਸਨ ਅਤੇ ਹੋਰ ਸੰਗੀਤਾਰਥੀ ਵੀ ਗਾ ਰਹੇ ਸਨ। ਬਹੁਤ ਅਦਭੁਤ ਸਮਾਂ ਬਣਿਆ।"

ਅਜਿਹੀਆਂ ਸਭਾਵਾਂ ਸ੍ਰੀ ਭੈਣੀ ਸਾਹਿਬ ਵਿਚ ਆਮ ਜਿਹੀ ਗੱਲ ਰਹੀਆਂ ਹਨ। ਕਦੀ ਰਾਜਨ ਸਾਜਨ ਆਏ ਹਨ, ਕਦੇ ਉਸਤਾਦ ਵਲਾਇਤ ਖਾਂ ਪਧਾਰੇ ਹਨ ਤੇ ਕਦੇ ਉਸਤਾਦ ਇਮਾਰਤ ਖਾਂ। ਕਦੇ ਬਿਰਜੂ ਮਹਾਰਾਜ ਕਦੇ ਦੁਰਗਾ ਲਾਲ ਕੱਥਕ ਤੇ ਕਦੇ ਗੰਗਾਨੀ ਭਰਾ। ਇਹ ਸਾਰੀ ਕਲਾਕਾਰੀ ਕਾਇਨਾਤ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੂਰਜੀ ਸ਼ਖਸੀਅਤ ਦੁਆਲੇ ਹੀ ਘੁੰਮਦੀ ਹੈ।

ਵਰਿਆਮ ਵਿਚ ਹੀ ਛਪੇ ਡਾ. ਵਰਿਆਮ ਸਿੰਘ ਸੰਧੂ ਦੇ ਸਫਰਨਾਮੇ ਵਿਚ ਸਤਿਗੁਰੂ ਜੀ ਦੀ ਇਸੇ ਕਲਾਕਾਰੀ ਕਾਇਨਾਤ ਦਾ ਵਰਨਣ ਇਵੇਂ ਹੈ—

"ਤੇ ਅੱਜ ਸਤਿਗੁਰੂ ਜੀ ਦਾ ਮੈਂ-ਇਕ ਹੋਰ ਹੀ ਨਵਾਂ ਰੂਪ ਦੇਖ ਰਿਹਾ ਸਾਂ। ਉਹਨਾਂ ਦੀ ਕਲਾਕਾਰ ਸ਼ਖਸੀਅਤ ਦੀਆਂ ਕਿੰਨੀਆਂ ਕੋਮਲ ਪਰਤਾਂ ਸਨ। ਅੱਜ ਉਹ ਆਪ ਬਹੁਤ ਹੀ ਪੁਰਾਣੀਆਂ ਤੇ ਮੁਲਵਾਨ ਕਲਾਸੀਕਲ ਬੰਦਿਸ਼ਾਂ ਦਾ ਗਾਇਨ ਅਤੇ ਵਿਆਖਿਆ ਕਰ ਰਹੇ ਸਨ। ਤੇ ਗਾਇਨ ਵਿਚ ਰਾਜਨ ਤੇ ਸਾਜਨ ਭਰਾਵਾਂ ਨੂੰ ਸਾਥ ਦੇਣ ਲਈ ਕਹਿ ਰਹੇ ਸਨ, ਜਿਵੇਂ ਉਸਤਾਦ ਚੇਲਿਆਂ ਨੂੰ ਸੰਥਾ ਦੇ ਰਿਹਾ ਹੋਵੇ, ਤੇ ਹੈ ਵੀ ਇੰਜ ਹੀ ਸੀ। ਕਿਸੇ ਬੰਦਿਸ਼ ਦਾ ਨਵਾਂ ਅਸਲ ਖ਼ਜ਼ਾਨਾ ਲੱਭਣ 'ਤੇ ਮਿਸ਼ਰਾ ਭਰਾ ਮੰਤਰ ਮੁਗਧ ਹੋਏ ਵਿਸਮਾਦ ਵਿਚ ਸਿਰ ਹਿਲਾ ਰਹੇ ਸਨ.....।

(ਵਰਿਆਮ ਅਗਸਤ-ਅਕਤੂਬਰ ੧੯੯੭)

ਸਤਿਗੁਰੂ ਜਗਜੀਤ ਸਿੰਘ ਜੀ ਨੇ ਨਿਰਸੰਦੇਹ ਭਾਰਤੀ ਸੰਗੀਤ ਜਗਤ ਨੂੰ ਨਵੀਆਂ ਮੰਜ਼ਿਲਾਂ ਬਖਸ਼ੀਆਂ ਹਨ। ਭਾਰਤੀ ਸੰਗੀਤ ਜਗਤ ਦੇ ਵਡੇ ਤੋਂ ਵਡੇ ਸਨਮਾਨਾਂ ਨਾਲ ਸਨਮਾਨਤ ਉਸਤਾਦ ਅਮਜਦ ਅਲੀ ਖਾਂ ਸਰੋਦ ਵਾਲਿਆਂ ਆਪਣੇ ਇਕ ਲੇਖ ਵਿਚ ਲਿਖਿਆ—

"ਬਹੁਤ ਪਿਛਲੀ ਗੱਲ ਨਾ ਕਰਕੇ ਅਜੇ ਹੁਣ ਦੇ ਹੀ ਕੁਝ ਮਹੀਨੇ ਪਹਿਲੇ, ਲੈਅ ਦੇ ਮਾਮਲੇ ਵਿਚ ਸਤਿਗੁਰੂ ਜੀ ਨੇ ਸੰਗੀਤ ਜਗਤ ਨੂੰ ਇਕ ਨਵੀਂ ਸੋਚ ਵਿਚਾਰ ਦਿੱਤੀ। ਮਿਸਾਲ ਦੇ ਤੌਰ ਤੇ ਸਵਾ ਚੌਦਾਂ ਮਾਤ੍ਰਾਂ ਦਾ ਤਾਲ, ਜਦੋਂ ਮੈਂ ਇਹ ਸੁਣੇ, ਅਤੇ ਸਿਰਫ ਤਾਲ ਹੀ ਨਹੀਂ ਸਗੋਂ ਉਹਨਾਂ ਸਭ ਵਿਚ ਇਕ ਇਕ ਧਰੁਪਦ, ਅਤੇ ਸਿਰਫ ਇਹ ਹੀ ਨਹੀਂ ਕਿ ਧਰੁਪਦ ਬਣਾ ਕੇ ਛੱਡ ਦਿੱਤਾ ਬਲਕਿ ਬਾਕਾਇਦਾ ਉਸ ਦੀਆਂ ਚਾਲਾਂ, ਅਤੇ ਚਾਲਾਂ ਨੂੰ ਏਨੀ ਆਸਾਨੀ ਨਾਲ ਵਰਤਿਆ ਜਿਵੇਂ ਤਿੰਨ ਤਾਲ ਵਿਚ ਹੀ ਗਾਇਨ ਵਾਦਨ ਹੋ ਰਿਹਾ ਹੋਵੇ। ਤਿੰਨ ਤਾਲ ਮੈਂ ਇਸ ਲਈ ਕਿਹਾ ਹੈ ਕਿਉਂਕਿ ਉਹ ਬਰਾਬਰ ੧੬ ਮਾਤਰਾਂ ਦਾ ਤਾਲ ਹੈ ਜਿਸ ਨੂੰ ਹਿੰਦੁਸਤਾਨ ਦਾ ਹਰ ਆਦਮੀ ਸਮਝਦਾ ਹੈ ਕਿ ਇਹ ਆਸਾਨ ਤਾਲ ਹੈ। ਇਹਨਾਂ ਸਤਿਗੁਰੂ ਜੀ ਦੇ ਬਣਾਏ ਹੋਏ ਤਾਲਾਂ ਤੋਂ ਇੰਨਾ ਪ੍ਰਭਾਵਤ ਹੋਇਆ ਕਿ ਮੈਂ ਖੁਦ ਵੀ ਰਾਗ ਦੇਸ ਵਿਚ ਇਕ ਸਵਾ ਚੌਦਾਂ ਮਾਤ੍ਰਾਂ ਵਿਚ ਬੰਦਿਸ਼ ਬਣਾਨ ਦੀ ਕੋਸ਼ਿਸ਼ ਕੀਤੀ ਅਤੇ ਉਸ ਨੂੰ ਸਤੰਬਰ ੭੭ ਵਿਚ ਕਲਕਤੇ ਦੀ ਇਕ ਬਹੁਤ ਵਡੀ ਕਾਨਫਰੰਸ 'ਸੁਰੇਸ਼ ਸੰਗੀਤ ਸੰਸਦ' ਵਿਚ ਵਜਾਇਆ ਅਤੇ ਸੁਣਨ ਵਾਲਿਆਂ ਨੇ ਉਸ ਦੀ ਖੂਬ ਦਾਦ ਦਿੱਤੀ".......

(ਵਰਿਆਮ ਸਤਿਗੁਰੂ ਜਗਜੀਤ ਸਿੰਘ ਅੰਕ ੧੯੭੮)

ਸਤਿਗੁਰੂ ਜੀ ਨੇ ਇਹ ਖੰਡ ਮਾਤਰਾ ਵਾਲੇ ਤਾਲ ਬੱਚਿਆਂ ਨੂੰ ਸਿਖਾਏ ਇਸ ਸੰਬੰਧ ਵਿਚ ਬਹੁਤ ਸਾਰੀਆਂ ਉਦਾਹਰਣਾਂ ਹਨ। ਇਥੇ ਕੇਵਲ ਇਕ ਸੰਗੀਤ ਸੰਮੇਲਨ ਦੀ ਰਿਪੋਰਟ ਵਿਚੋਂ ਕੁਝ ਭਾਗ ਦਰਜ ਕਰਦੇ ਹਾਂ। ਏਵਾਨੇ ਗਾਲਿਬ ਹਾਲ ਦਿੱਲੀ ਵਿਚ ਹੋਏ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਣ ਦੀ ੧੦ ਅਪਰੈਲ ੧੯੭੭ ਦੀ ਇਹ ਰਿਪੋਰਟ ਹੈ।

".........ਇਸ ਪਿਛੋਂ ਇਕ ਅਦਭੁਤ ਆਈਟਮ ਪੇਸ਼ ਹੋਈ। ਸ੍ਰੀ ਭੈਣੀ ਸਾਹਿਬ ਸੰਗੀਤ ਵਿਦਿਆਲਾ ਦੇ ੧੧ ਸਾਲਾ ਵਿਦਿਆਰਥੀ ਸੁਖਵਿੰਦਰ ਸਿੰਘ ਨੇ ਪਖਾਵਜ ਤੇ ਸਾਢੇ ਸੋਲਾਂ ਮਾਤਰਾਂ ਦਾ ਤਾਲ ਵਜਾ ਕੇ ਵੱਡੇ ਵੱਡੇ ਸੰਗੀਤਚਾਰੀਆਂ ਨੂੰ ਹੈਰਾਨ ਕਰ ਦਿੱਤਾ। ਹਾਰਮੋਨੀਅਮ ਤੇ ਸੁਖਵਿੰਦਰ ਦਾ ਹੀ ਭਰਾ ਸੁਖਦੇਵ ਸਿੰਘ ਨਗਮਾ ਦੇ ਰਿਹਾ ਸੀ। ਸਾਢੇ ਸੋਲਾਂ ਮਾਤਰਾ ਵਜਾਉਣੀਆਂ ਤੇ ਕਿਤੇ ਰਹੀਆਂ ਗਿਣਨੀਆਂ ਵੀ ਮੁਸ਼ਕਲ ਹੁੰਦੀਆਂ ਹਨ ਅਤੇ ਜਦੋਂ ਮੁਸ਼ਕਲ ਤਿਹਾਈਆਂ ਪਿਛੋਂ ਬਾਲ ਕਲਾਕਾਰ ਸਮ ਤੇ ਆਉਂਦਾ ਤਾਂ ਜਿਥੇ ਸ੍ਰੋਤੇ ਗੜਗਜਵੀਆਂ ਤਾਲੀਆਂ ਨਾਲ ਸੁਆਗਤ ਕਰਦੇ ਉਥੇ ਉਸਤਾਦ ਭਾਈ ਨਿਹਾਲ ਸਿੰਘ ਪਰਦੇ ਪਿੱਛੇ ਹੀ ਨੱਚਣ ਲਗ ਪੈਂਦਾ।" (ਵਰਿਆਮ ਮਈ ੧੯੭੭ ਪੰਨਾ ੨੫)

ਮਹਾਨ ਸਿਤਾਰ ਵਾਦਕ ਉਸਤਾਦ ਵਲਾਇਤ ਖਾਂ ਸਾਹਿਬ ਭਾਰਤੀ ਸੰਗੀਤ ਦੇ ਸ਼ਹਿਨਸ਼ਾਹ, ਸਿਤਾਰ ਦੇ ਜਾਦੂਗਰ, ਆਫਤਾਬੇ ਮੌਸੀਕੀ ਅਤੇ ਅਨੇਕਾਂ ਹੋਰਾਂ ਵਿਸ਼ੇਸ਼ਣਾਂ ਨਾਲ ਯਾਦ ਕੀਤੇ ਜਾਂਦੇ ਹਨ, ਜੋ ਉਹਨਾਂ ਦੀ ਸੰਗੀਤ ਜਗਤ ਵਿੱਚ ਸਿਰਮੌਰਤਾ ਨੂੰ ਜ਼ਾਹਰ ਕਰਦੇ ਹਨ। ਅਜ ਕਲ੍ਹ ਆਪ



Sri Satguru Jagjit Singh Ji eLibrary NamdhariElibrary@gmail.com

ਜ਼ਿਆਦਾ ਸਮਾਂ ਨਿਊਯਾਰਕ ਅਮਰੀਕਾ ਵਿਚ ਰਹਿੰਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੂੰ ਉਹ 'ਪੀਰ' ਦਾ ਦਰਜਾ ਦਿੰਦੇ ਹਨ। ਅਨੇਕਾਂ ਸੰਗੀਤ ਮਿਲਣੀਆਂ ਉਹਨਾਂ ਨਾਲ ਹੋ ਚੁਕੀਆਂ ਹਨ। ਨਾਮਧਾਰੀ ਸੰਗੀਤ ਵਿਦਿਆਰਥੀਆਂ ਨੂੰ ਆਪ ਸੰਗੀਤ ਦੀ ਸਿਖਿਆ ਦੇਣ ਵਿਚ ਕਦੇ ਵੀ ਸੰਕੋਚ ਨਹੀਂ ਕਰਦੇ। ਇਕ ਮਿਲਣੀ ਖਾਂ ਸਾਹਿਬ ਦੇ ਨਿਊਯਾਰਕ ਵਾਲੇ ਨਿਵਾਸ ਅਸਥਾਨ ਤੇ ੨੩ ਜੁਲਾਈ ੧੯੯੭ ਨੂੰ ਹੋਈ। ਖਾਂ ਸਾਹਿਬ ਨੇ ਬਹੁਤ ਦਿਨਾਂ ਬਾਦ ਸਤਿਗੁਰੂ ਜੀ ਦੀ ਆਮਦ ਨੂੰ ਮੁਖ ਰੱਖ ਕੇ ਸਿਤਾਰ ਵਾਦਨ ਕੀਤਾ। ਵਰਿਆਮ ਵਿਚ ਛਪੀ ਰਿਪੋਰਟ ਦੇ ਕੁਝ ਅੰਸ਼ ਹਾਜ਼ਰ ਹਨ—

"........ਵਜਦ ਵਿਚ ਆਏ ਖਾਂ ਸਾਹਿਬ ਸਿਤਾਰ ਵਾਦਨ ਦੇ ਨਾਲ ਮੁੱਖ ਤੋਂ ਗਾ ਕੇ ਵੀ ਸਤਿਗੁਰੂ ਜੀ ਨੂੰ ਰਿਝਾ ਰਹੇ ਸਨ। ਇਕ ਨਵਾਂ ਸੰਸਾਰ ਸਿਰਜਿਆ ਜਾ ਰਿਹਾ ਸੀ। ਅਰਜ਼ ਹੋਈ ਸਤਿਗੁਰੂ ਜੀ ਨੂੰ ਕਿਰਪਾ ਕਰਨ ਦੀ ਅਤੇ ਸੰਗੀਤ ਦੇ ਇਕ ਮਹਾਨ ਕਲਾਕਾਰ ਅੱਗੇ ਸਤਿਗੁਰੂ ਜੀ ਨੇ ਸੰਗੀਤ ਦੀ ਗੰਗਾ ਵਹਾ ਦਿਤੀ। ਰਾਗ ਬਿਲਾਵਲ, ਸ਼ੁਕਲ ਬਿਲਾਵਲ, ਅਲੱਹੀਆ ਬਿਲਾਵਲ, ਬਿਲਾਵਲ, ਦੀ ਪੜਤਾਲ, ਸੂਹੀ, ਕੁੰਭ, ਹਮੀਰ, ਪੀਲੂ, ਮਲ੍ਹਾਰ ਦੇ ਕਈ ਪ੍ਰਕਾਰ ਬਹਾਰ, ਕੇਦਾਰ, ਗਾਰਾ, ਮਾਲਕੌਂਸ ਅਤੇ ਹੋਰ ਰਾਗਾਂ ਵਿਚ ਬੰਦਸ਼ਾਂ ਦਾ ਇਕ ਅਟੁੱਟ ਸਿਲਸਿਲਾ ਚਲਦਾ ਰਿਹਾ। ਸਤਿਗੁਰੂ ਜੀ ਬੰਦਸ਼ ਦੀ ਥੋਹੜੀ ਜਾਣਕਾਰੀ ਦੇ ਕੇ ਅਗਲੀ ਬੰਦਿਸ਼ ਸ਼ੁਰੂ ਕਰ ਦਿੰਦੇ। ਤਬਲੇ ਤੇ ਪਿੰਕੀ ਅਤੇ ਗਾਇਣ ਵਿਚ ਸਹਿਯੋਗ, ਮੋਹਨ ਸਿੰਘ ਸੁਖਦੇਵ ਸਿੰਘ ਅਤੇ ਹਰਬੰਸ ਸਿੰਘ ਘੁੱਲਾ ਦਿੰਦੇ ਰਹੇ। ਕਦੇ ਚਾਰ ਤਾਲ ਦੇ ਧਰੁਪਦ, ਕਦੇ ਧਮਾਰ ਦੇ ਬੋਲ, ਕਦੇ ਝੱਪ ਤਾਲ, ਕਦੇ ਇਕ ਤਾਲ, ਕਦੇ ਤਿੰਨ ਤਾਲ ਅਤੇ ਕਦੇ ਇਕੋ ਬੰਦਿਸ਼ ਵਿਚ ਬਦਲਵੇਂ ਤਾਲਾਂ ਵਿਚ ਪੜਤਾਲ। ਖਾਂ ਸਾਹਿਬ ਗਦ ਗਦ ਹੋਏ ਬੰਦਸ਼ਾਂ ਤੇ ਝੂਮ ਵੀ ਰਹੇ ਸਨ, ਪਰਸੰਸਾ ਵੀ ਕਰ ਰਹੇ ਸਨ ਅਤੇ ਬੰਦਸ਼ਾਂ ਨੂੰ ਰਿਕਾਰਡ ਕਰਨ ਲਈ ਬੇਨਤੀ ਵੀ ਕਰ ਰਹੇ ਸਨ। ਸਤਿਗੁਰੂ ਜੀ ਨੇ ਅੱਲਹੀਆ ਬਿਲਾਵਲ ਵਿਚ ਬੰਦਸ਼ ਆਰੰਭੀ ਜਿਸ ਦੇ ਬੋਲ ਸਨ—"ਸੁਆਮੀ ਤੈਨੂੰ ਓਹ ਦਿਨ ਭੂਲ ਗਏ" ਤਾਂ ਖਾਂ ਸਾਹਿਬ ਕਹਿਣ ਲਗੇ "ਮੁਝੇ ਕੁਛ ਨਹੀਂ ਭੂਲਾ ਸਭ ਯਾਦ ਹੈ।" ਸੂਫੀ ਮੱਤ ਵਿਚ ਪੀਰਾਂ ਮੁਰਸ਼ਦਾਂ ਨਾਲ ਆਸ਼ਕ ਮਾਸ਼ੂਕ ਦੇ ਰਿਸ਼ਤੇ ਦੀ ਪਿੱਠ ਭੂਮੀ ਵਿਚ ਖਾਂ ਸਾਹਿਬ ਨੇ ਸ੍ਰੀ ਸਤਿਗੁਰੂ ਜੀ ਨੂੰ ਕਿਹਾ," ਆਪ ਕੀ ਤੋਂ ਕਈ ਜਗਹ ਮਾਸ਼ੂਕ ਹੈ........ਏਕ ਯਹਾਂ ਹੈ।" (ਏਕ ਯਹਾਂ ਤੋਂ ਭਾਵ ਉਹਨਾਂ ਦੇ ਆਪਣੇ ਆਪ ਤੋਂ ਸੀ) "ਇਸੀ ਜ਼ਰੀਏ ਪੀਰ ਕੇ ਸਾਹਮਣੇ ਬੈਠੇ ਹੈਂ"

"ਤੇਰੇ ਮਿਲਣ ਦਾ ਚਾਅ ਨੀ ਸਹੀਓ....ਅਬ ਕੋਊ ਕੈਸੇ ਹੋਰੀ ਖੇਲੇ...... ਬਰਸਨ ਲਾਗੀ ਰੇ ਬਦਰੀਆ ਸਾਵਨ ਕੀ....... ਗਰਜ ਗਰਜ ਘਟਿ ਛਾਈ...... ਗਾਵਹੁ ਚਤੁਰੰਗ ਅਤਿ ਹੂ ਨਵੇਲਰੀ..... ਜਾ ਜਾ ਰੇ ਕਾਗਾ ਜਾ ਰੇ..........ਨਾਹੀ ਪੜਤ ਪੀਆ ਬਿਨ ਚੈਨ—ਅਦਿਕ ਬੰਦਸ਼ਾਂ ਦੇ ਬੋਲਾਂ ਅਤੇ ਕੁਝ ਗੁਰਬਾਣੀ ਦੀਆਂ ਤੁਕਾਂ ਤੇ ਆਧਾਰਤ ਬੰਦਸ਼ਾਂ ਨਾਲ ਸਤਿਗੁਰੂ ਜੀ ਦਾ ਲਚਕੀਲਾ ਗਾਇਣ ਢੰਗ ਸਭ ਕੁਝ ਵਿਸਮਾਦ ਕਰਨ ਵਾਲਾ ਸੀ। ਖਾਂ ਸਾਹਿਬ ਦਾ ਸਮੁੱਚਾ ਘਰ ਸਰੋਤਿਆਂ ਨਾਲ ਭਰਪੂਰ ਸੀ ਅਤੇ ਇਸ ਇਤਿਹਾਸਕ ਅਤੇ ਯਾਦਗਾਰੀ ਮਹੱਤਵ ਵਾਲੀ ਇਸ ਸਭਾ ਵਿਚ ਅਤਿ ਪ੍ਰਸੰਨ ਮੁਦਰਾ ਵਿਚ ਉਸਤਾਦ ਵਲਾਇਤ ਖਾਂ ਸਾਹਿਬ ਕਹਿ ਰਹੇ ਸਨ—

"ਜੋ ਸੰਗੀਤ ਨਾਮਧਾਰੀ ਪੰਥ ਮੇਂ ਹੈ ਯਾ ਹਮ ਸੂਫੀ ਲੋਗੋਂ ਮੇਂ ਹੈ, ਯਹੀ ਏਕ ਜ਼ਰੀਆ ਹੈ ਜਿਸ ਸੇ ਹਮ ਮਾਲਕ ਕੋ ਪਾ ਸਕਤੇ ਹੈਂ। ਗੁਰੂ ਨਾਨਕ ਨੇ ਸੰਗੀਤ ਸੇ ਮਾਲਕ ਕੋ ਪਾਇਆ ਹੈ......ਮੇਰੇ ਪਾਸ ਜੋ ਸਾਜ਼ ਹੈਂ, ਵੋਹ ਮੇਰਾ ਖਜ਼ਾਨਾ ਹੈ। ਵੋਹ ਕਿਸੀ ਮਿਊਜ਼ੀਅਮ ਕੋ ਨਹੀਂ ਦੂੰਗਾ, ਵੋਹ ਭੈਣੀ ਸਾਹਿਬ ਭੇਜੂੰਗਾ।"

(ਵਰਿਆਮ ਅਗਸਤ-ਸਤੰਬਰ-ਅਕਤੂਬਰ ੧੯੯੭)

ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਵਿਚ ਨਾਮਧਾਰੀਆਂ ਨੇ ਭਾਰਤ ਦੇ ਨਵੀਨ ਸੰਗੀਤ ਇਤਿਹਾਸ ਤੇ ਇਕ ਐਸੀ ਮੋਹਰ ਲਾਈ ਹੈ ਜੋ ਸਮੇਂ ਦੇ ਬੀਤਣ ਨਾਲ ਹੋਰ ਵੀ ਉਗੜਵੀਂ ਹੋਵੇਗੀ।

ਨਾਮਧਾਰੀਆਂ ਕੋਲ ਜਿਥੇ ਸ਼ਾਸਤਰੀ ਸੰਗੀਤ ਦੀਆਂ ਸਾਰੀਆਂ ਹੀ ਨਵੀਨ ਰੌਂਵਾਂ ਸੁਰਖਿਅਤ ਹਨ ਉਥੇ ਹੀ ਗੁਰਮਤ ਸੰਗੀਤ ਗੁਰਬਾਣੀ ਗਾਇਣ ਦੀ ਪਰੰਪਰਿਕ ਰੀਤਾਂ ਦਾ ਵੀ ਇਕ ਅਖੁੱਟ ਖਜ਼ਾਨਾ ਹੈ। ਇਹਨਾਂ ਦਾ ਵਿਸਥਾਰ ਪੂਰਵਕ ਵਰਨਣ ਹੋਰ ਵਿਦਵਾਨ ਕਰ ਰਹੇ ਹਨ ਉਂਝ ਇਹ ਵਿਸ਼ਾ ਬਹੁਤ ਵੱਡੀ ਪੁਸਤਕ ਦਾ ਹੈ। ਸਤਿਗੁਰੂ ਰਾਮ ਸਿੰਘ ਜੀ ਵੇਲੇ ਜੋ ਰਾਗੀਆਂ ਰਬਾਬੀਆਂ ਦੀਆਂ ਜੋੜੀਆਂ ਸਨ ਉਹਨਾਂ ਦਾ ਇਤਿਹਾਸ ਵਿਚ ਵਰਨਣ ਮਿਲਦਾ ਹੈ ਅਤੇ ਇਥੇ ਲੇਖ ਵਧਣ ਦੇ ਡਰੋਂ ਲਿਖਣ ਤੋਂ ਸੰਕੋਚ ਕੀਤਾ ਜਾ ਰਿਹਾ ਹੈ। ਪਰ ਇਸ ਅਖੁਟ ਖ਼ਜ਼ਾਨੇ ਦੀ ਕੇਵਲ ਗਵਾਹੀ ਵਜੋਂ ਹੀ ਪ੍ਰਸਿੱਧ ਸਿਖ ਵਿਦਵਾਨ ਸਵ. ਡਾਕਟਰ ਤਾਰਨ ਸਿੰਘ ਦੇ ਇਕ ਲੇਖ ਦਾ ਹਵਾਲਾ ਦਿਤਾ ਜਾਂਦਾ ਹੈ—

"ਸਤਿਗੁਰੂ ਜਗਜੀਤ ਸਿੰਘ ਤੇ ਉਹਨਾਂ ਦੇ ਵੀਰ ਬਾਬਾ



Sri Satguru Jagjit Singh Ji eLibrary NamdhariElibrary@gmail.com

ਬੀਰ ਸਿੰਘ ਨੂੰ ਮਿਲਣ ਦਾ ਮੌਕਾ ਮੈਨੂੰ ਇਸ ਤਰ੍ਹਾਂ ਪ੍ਰਾਪਤ ਹੋਇਆ। ਪੰਜਾਬੀ ਯੂਨੀਵਰਸਟੀ ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀਆਂ ਪੁਰਾਤਨ ਰੀਤਾਂ ਰਿਕਾਰਡ ਕਰਨ ਦੀ ਇਕ ਯੋਜਨਾ ਉਲੀਕੀ। ਯੋਜਨਾ ਇਹ ਸੀ ਕਿ ਸੁਪ੍ਰਸਿੱਧ ਰਾਗੀ ਜੱਥਿਆਂ ਅਤੇ ਸੰਗੀਤਕਾਰਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀਆਂ ਪੁਰਾਤਨ ਰੀਤਾਂ ਪਹਿਲਾਂ ਟੇਪ ਰੀਕਾਰਡ ਕੀਤੀਆਂ ਜਾਣ ਅਤੇ ਫਿਰ ਉਹਨਾਂ ਦੀ ਨੋਟੇਸ਼ਨ ਕਰਾਈ ਜਾਵੇ ਅਤੇ ਨੋਟੇਸ਼ਨ ਪ੍ਰਕਾਸ਼ਤ ਕੀਤੀ ਜਾਵੇ। ਯੋਜਨਾ ਵਿਚ ਇਹ ਵੀ ਸ਼ਾਮਲ ਸੀ ਕਿ ਪਾਕਿਸਤਾਨ ਜਾ ਚੁੱਕੇ ਰਬਾਬੀਆਂ ਤੋਂ ਵੀ ਪੁਰਾਤਨ ਰੀਤਾਂ ਇੱਕਤਰ ਕੀਤੀਆਂ ਜਾਣ, ਪਰ ਇਹ ਸੰਭਵ ਨਹੀਂ ਸੀ ਹੋ ਸਕਿਆ। ਇਸ ਯੋਜਨਾ ਨੂੰ ਹੱਥ ਵਿਚ ਲੈਣ ਲਈ ਪਹਿਲਾਂ ਇਹ ਜ਼ਰੂਰੀ ਸੀ ਕਿ ਜਿਨ੍ਹਾਂ ਰਾਗੀਆਂ ਤੇ ਸੰਗੀਤਕਾਰਾਂ ਪਾਸ ਪੁਰਾਤਨ ਰੀਤਾਂ ਦਾ ਖਜ਼ਾਨਾ ਹੈ ਉਹ ਲੱਭੇ ਜਾਣ। ਇਸ ਭਾਲ ਵਿਚ ਕਈ ਰਾਗੀਆਂ ਪਾਸੋਂ ਅਜਮਾਇਸ਼ੀ ਤੌਰ ਤੇ ਪੁਰਾਤਨ ਰੀਤਾਂ ਦੀ ਰੀਕਾਰਡਿੰਗ ਕੀਤੀ ਗਈ ਜਿਵੇਂ ਕਿ ਭਾਈ ਪ੍ਰਤਾਪ ਸਿੰਘ ਰਾਗੀ ਸੀਸ ਗੰਜ ਦਿੱਲੀ, ਸਵਰਗਵਾਸੀ ਭਾਈ ਸਮੁੰਦ ਸਿੰਘ ਜੀ, ਭਾਈ ਧਰਮ ਸਿੰਘ ਜੀ ਜ਼ਖਮੀ, ਭਾਈ ਸੁੱਧ ਸਿੰਘ ਪ੍ਰਧਾਨ ਸਿੰਘ ਆਦਿ। ਇਸ ਸਬੰਧ ਵਿਚ ਪਤਾ ਲਗਾ ਕਿ ਸਤਿਗੁਰੂ ਜਗਜੀਤ ਸਿੰਘ ਅਤੇ ਬਾਬਾ ਬੀਰ ਸਿੰਘ ਜੀ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀਆਂ ਪੁਰਾਤਨ ਰੀਤਾਂ ਦਾ ਬੜਾ ਵਡਾ ਖਜ਼ਾਨਾ ਹੈ। ਇਹ ਸੱਚਮੁਚ ਐਸਾ ਹੀ ਸੀ। ਇਸ ਸੰਬੰਧ ਵਿਚ ਮੈਂ ਤੇ ਮੇਰੇ ਸਾਥੀ ਸ. ਬਲਕਾਰ ਸਿੰਘ, ਬਾਬਾ ਬੀਰ ਸਿੰਘ ਜੀ ਨੂੰ ਮਿਲੇ। ਉਹਨਾਂ ਨੇ ਬੜੀ ਉਦਾਰਤਾ ਨਾਲ ਸੇਠ ਤਰਲੋਕ ਸਿੰਘ ਜੀ ਦੀ ਕੋਠੀ ਵਿਖੇ ਬਹੁਤ ਸਾਰੀਆਂ ਪੁਰਾਤਨ ਰੀਤਾਂ ਰਿਕਾਰਡਿੰਗ ਕਰਾਈਆਂ। ਇਸ ਤਰ੍ਹਾਂ ਮੇਰਾ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਬਾਬਾ ਬੀਰ ਸਿੰਘ ਜੀ ਨਾਲ ਸੰਪਰਕ ਬਣਿਆ।"....

('ਵਰਿਆਮ' ਸਤਿਗੁਰੂ ਜਗਜੀਤ ਸਿੰਘ ਅੰਕ ਜਨਵਰੀ-ਫਰਵਰੀ-ਮਾਰਚ ੧੯੭੮)

ਪ੍ਰਸਿੱਧ ਰਾਗੀ ਭਾਈ ਗੁਰਚਰਨ ਸਿੰਘ ਕੰਵਲ ਦਿੱਲੀ ਵਾਲਿਆਂ ਆਪਣੇ ਇਕ ਲੇਖ "ਕੀਰਤਨ ਦਰਬਾਰ ਤੇ ਇਨ੍ਹਾਂ ਦਾ ਪਿਛੋਕੜ" ਵਿਚ ਇਵੇਂ ਲਿਖਿਆ ਹੈ—

"ਨਾਮਧਾਰੀ ਸੰਪ੍ਰਦਾਇ ਦੇ ਮੁਖੀ ਜਿਨ੍ਹਾਂ ਨੂੰ ਨਾਮਧਾਰੀ ਸੰਗਤ ਸਤਿਗੁਰੂ ਪ੍ਰਤਾਪ ਸਿੰਘ ਜੀ ਕਰਕੇ ਪੂਜਦੀ ਸੀ ਉਹ ਖੁਦ ਭੀ ਸੰਗੀਤ ਵਿਦਿਆ ਦੇ ਮਾਹਿਰ ਸਨ। ਗੁਰਮੱਤ ਕੀਰਤਨ ਦੀ ਪੁਰਾਤਨ ਮਰਿਆਦਾ ਬਰਕਰਾਰ ਰੱਖਣ ਦੇ ਭੀ ਇਛੁੱਕ ਸਨ। ਉਹਨਾਂ ਨੇ ਸ੍ਰੀ ਭੈਣੀ ਸਾਹਿਬ ਇਕ ਕੀਰਤਨ ਦਰਬਾਰ ਕਰਵਾਇਆ ਸੀ ਜਿਸ ਵਿਚ ਧਰੁਪੱਦ ਸ਼ੈਲੀ ਨੂੰ ਹੀ ਪ੍ਰਧਾਨ ਮੰਨਿਆ ਗਿਆ ਸੀ। ਸੱਚਖੰਡ ਨਿਵਾਸੀ ਭਾਈ ਹਰਨਾਮ ਸਿੰਘ ਟਿੱਬਾ ਨੂੰ ਧਰੁਪੱਦ ਗਾਇਨ ਕਰਕੇ ਪਹਿਲਾ ਇਨਾਮ ਦਿਤਾ ਗਿਆ ਸੀ। ਭਾਈ ਸਾਹਿਬ ਨੇ ਬਹੁਤ ਪੁਰਾਤਨ ਰੀਤ 'ਬਿਸਰ ਗਈ ਸਭ ਤਾਤ ਪਰਾਈ' ਵਾਲਾ ਸ਼ਬਦ ਰਾਗ ਕਾਨੜਾ ਵਿਚ ਗਾਇਆ ਸੀ। ਮਹਾਰਾਜ ਪ੍ਰਤਾਪ ਸਿੰਘ ਜੀ ਦਾ ਇਹ ਯਤਨ ਭੀ ਰਾਗੀ ਜੱਥਿਆਂ ਦਾ ਉਤਸ਼ਾਹ ਵਧਾਉਣ ਅਤੇ ਸੰਗਤਾਂ ਦੀ ਰੁੱਚੀ ਇਸ ਪਾਸੇ ਲਾਉਣ ਦੇ ਮਨੋਰਥ ਦੇ ਲਈ ਹੀ ਸੀ। ਭਾਵੇਂ ਨਾਮਧਾਰੀ ਸੰਗਤਾਂ ਵਿੱਚ ਬਹੁਤਾ ਕਰਕੇ ਹੱਲੇ ਦੀ ਧਾਰਨਾ ਵਿੱਚ ਉਪਰ ਕੀਰਤਨ ਹੁੰਦਾ ਚਲਿਆ ਆ ਰਿਹਾ ਹੈ ਪਰ ਫਿਰ ਭੀ ਨਾਮਧਾਰੀ ਸੰਗਤਾਂ ਵਿਚ ਕੀਰਤਨ ਦੀ ਮਰਿਆਦਾ ਨੂੰ ਕਾਇਮ ਰੱਖਣ ਦੇ ਯਤਨ ਅਕਸਰ ਹੁੰਦੇ ਰਹਿੰਦੇ ਹਨ ਕਿਉਂਕਿ ਹੁਣ ਵਾਲੇ ਮਹਾਰਾਜ ਬਾਬਾ ਜਗਜੀਤ ਸਿੰਘ ਜੀ ਪਿਤਾ ਜੀ ਵਾਂਗੂ ਸੰਗੀਤਕਾਰ ਹਨ।

(ਵਰਿਆਮ ਜਨਵਰੀ-ਮਾਰਚ ੧੯੯੩, ਪੰਨਾ ੪੫)

ਸ੍ਰੀ ਭੈਣੀ ਸਾਹਿਬ ਦੇ ਇਸ ਕੀਰਤਨ ਦਰਬਾਰ ਦੀ ਗੱਲ ਚਲ ਹੀ ਰਹੀ ਹੈ ਤਾਂ ਇਕ ਦਿਲਚਸਪ ਵਾਰਤਾ ਵੀ ਇਥੇ ਦਰਜ ਕਰਨੀ ਯੋਗ ਹੈ। "ਵਾਰਤਾ ਇਕ ਨਵੀਂ " ਲੇਖ ਲੜੀ ਅਧੀਨ ਸ੍ਰੀ ਭੈਣੀ ਸਾਹਿਬ ਦੇ ਪੁਰਾਣੇ ਵਿਦਿਆਰਥੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਪਾਠੀ ਪ੍ਰੀਤਮ ਸਿੰਘ ਪੰਛੀ ਨੇ ਇਕ ਲੇਖ ਲਿਖਿਆ ਸੀ " ਸੰਗੀਤ ਬਨਾਮ ਘੁੰਗਰੂ" ਭਾਵੇਂ ਸਾਡੇ ਪਰਚੇ ਦਾ ਆਕਾਰ ਕੁਝ ਵਧ ਜਾਵੇ ਪਰ ਇਥੇ ਦੇਣਾ ਪਰਸੰਗਕ ਜ਼ਰੂਰ ਹੋਵੇਗਾ। ਆਪ ਲਿਖਦੇ ਹਨ

"੧੯੩੩ ਦਾ ਸਾਲ—

ਭੈਣੀ ਸਾਹਿਬ ਵਿਚ ਪੰਜਾਬ ਭਰ ਦੇ ਸੰਗੀਤਕਾਰਾਂ ਦਾ ਇਕੱਠ। ਸਤਿਗੁਰੂ ਪ੍ਰਤਾਪ ਸਿੰਘ ਨੇ ਅੱਸੂ ਦੇ ਮੇਲੇ ਉਤੇ ਸੰਗੀਤ ਸੰਮੇਲਨ ਬੁਲਾਇਆ ਸੀ। ਸੰਗੀਤ ਮੁਕਾਬਲੇ ਵਿਚ ਪੰਜਾਬ ਤੋਂ ਬਾਹਰ ਦੇ ਕੁਝ ਪ੍ਰਸਿੱਧ ਸੰਗੀਤਕਾਰ ਵੀ ਸ਼ੈਤ ਸ਼ਾਮਲ ਹੋਏ ਸਨ। ਪਹਿਲਾ ਇਨਾਮ ਭਾਈ ਹਰਨਾਮ ਸਿੰਘ ਟਿੱਬਾ ਅਤੇ ਦੂਜਾ ਭਾਈ ਲਾਲ ਨੇ ਜਿੱਤਿਆ ਸੀ। ਤੀਸਰੇ ਵਿਜੇਤਾ ਦਾ ਨਾਂ ਯਾਦ 'ਚੋਂ ਲਹਿ ਗਿਆ ਹੈ।

ਸਤਿਗੁਰੂ ਪ੍ਰਤਾਪ ਸਿੰਘ ਦਾ ਇਹ ਉਪਰਾਲਾ ਕੋਈ ਨਵਾਂ ਨਹੀਂ ਸੀ। ਉਹ ਸੰਗੀਤਕਾਰਾਂ ਨੂੰ ਖਾਸ ਮੌਕਿਆਂ ਉੱਤੇ ਉਤਸ਼ਾਹਿਤ ਕਰਦੇ ਰਹਿੰਦੇ ਸਨ ਅਤੇ ਨਾਮਧਾਰੀ ਮਹਾ



Sri Satguru Jagjit Singh Ji eLibrary NamdhariElibrary@gmail.com

ਵਿਦਿਆਲੇ ਵਿਚ ਸੰਗੀਤ ਦੀ ਸਿਖਸ਼ਾ ਲਈ ਉਹਨਾਂ ਨੇ ਭਾਈ ਹਰਨਾਮ ਸਿੰਘ ਚਵਿੰਡਾ ਤੇ ਰਾਮਪੁਰ ਦੇ ਮੁਸਲਮਾਨ ਸੰਗੀਤਕਾਰਾਂ ਨੂੰ ਨਿਯੁਕਤ ਕਰ ਰਖਿਆ ਸੀ। ਕਰਿਸ਼ਨਾ ਰਾਓ ਗਵਾਲੀਅਰ ਜਿਹੇ ਭਾਰਤ ਪ੍ਰਸਿੱਧ ਸੰਗੀਤਕਾਰਾਂ ਨੂੰ ਭੈਣੀ ਸਾਹਿਬ ਬੁਲਾ ਕੇ ਉਹ ਸਨਮਾਨ ਦਿੰਦੇ ਰਹਿੰਦੇ ਸਨ।

ਪਰ ੧੯੩੩ ਦਾ ਸੰਗੀਤ ਸੰਮੇਲਨ ਇਕ ਆਸਾਧਾਰਨ ਅਤੇ ਅਨੂਠਾ ਸਮਾਰੋਹ ਸੀ ਜਿਸ ਵਿਚ ਸਾਨੂੰ ਤਿੰਨ ਦਿਨ ਤੱਕ ਪੰਜਾਬ ਭਰ ਕੇ ਸੰਗੀਤਕਾਰਾਂ ਨੂੰ ਸੁਣਨ ਦਾ ਮੌਕਾ ਮਿਲਿਆ ਸੀ। ਉਦੋਂ ਦੇ ਕਈ ਧੁਰੰਧਰ ਸੰਗੀਤਕਾਰਾਂ ਦੀਆਂ ਲੰਮੀਆਂ ਤਾਨਾਂ ਅੱਜ ਵੀ ਕੰਨਾਂ ਵਿੱਚ ਗੂੰਜਦੀਆਂ ਹਨ। ਕਲਾ ਦੇ ਖੇਤਰ ਵਿਚ ਸ਼ਾਇਦ ਇਹ ਪਹਿਲਾ ਚਮਤਕਾਰ ਸੀ, ਜਿਸ ਨੂੰ ਬਾਕੀ ਸਿਖ ਸੰਪਰਦਾਵਾਂ ਨੇ ਵੀ ਕਬੂਲ ਕੀਤਾ ਸੀ ਅਤੇ ਉਹਨਾਂ ਨੇ ਇਸ ਨੂੰ ਸਿੱਖਾਂ ਦੀ ਸੰਗੀਤ-ਪਰੰਪਰਾ ਵਿਚ ਇਕ ਮੀਲ-ਪੱਥਰ ਦੱਸਿਆ ਸੀ।

ਸਮਾਰੋਹ ਖਤਮ ਹੋਇਆ। ਪਹਿਲਾ, ਦੂਜਾ ਅਤੇ ਤੀਜਾ ਇਨਾਮ ਜਿੱਤਣ ਵਾਲਿਆਂ ਤੋਂ ਬਿਨਾਂ ਸਤਿਗੁਰੂ ਪ੍ਰਤਾਪ ਸਿੰਘ ਦੀਆਂ ਪਾਰਖੂ ਨਜ਼ਰਾਂ ਸਾਹਮਣੇ ਇਕ ਦਰਜਨ ਹੋਰ ਸੰਗੀਤਕਾਰ ਅਜਿਹੇ ਸਨ ਜਿਹਨਾਂ ਨੂੰ ਉਹ ਕਿਸੇ ਨਾ ਕਿਸੇ ਤਰ੍ਹਾਂ ਨਿਵਾਜਣਾ ਚਾਹੁੰਦੇ ਸਨ।

ਉਹ ਆਪਣੇ ਪਸ਼ੂਆਂ ਵਾਲੇ ਤਬੇਲੇ ਵਿਚ ਗਏ। ਇਕ ਇਕ ਗਊ ਨੂੰ ਪਿਆਰ ਭਰੀ ਥਾਪੜੀ ਦਿਤੀ ਅਤੇ ਫਿਰ ਇਕ ਦਰਜਨ ਗਊਆਂ ਛਾਂਟਦਿਆਂ ਕਿਹਾ-"ਇਹਨਾਂ ਦੇ ਗਲੀਂ ਘੁੰਗਰੂ ਬੰਨ੍ਹੋ। ਜਦੋਂ ਇਹ ਚੱਲਣ ਤਾਂ ਇਹਨਾਂ ਦੇ ਘੁੰਗਰੂਆਂ ਦੀ ਆਵਾਜ਼ ਤੋਂ ਸੰਗੀਤਕਾਰਾਂ ਨੂੰ ਪਤਾ ਲਗੇ ਕਿ ਸਾਡੀਆਂ ਗਊਆਂ ਸਿਰਫ ਦੁੱਧ ਹੀ ਨਹੀਂ ਦਿੰਦੀਆਂ ਸਗੋਂ ਇਕ ਸੁਰ, ਇਕ ਲੈਅ ਵਿਚ ਘੁੰਗਰੂਆਂ ਦੇ ਸਾਜ਼ਾ 'ਚੋਂ ਸੰਗੀਤ ਵੀ ਪੈਦਾ ਕਰ ਸਕਦੀਆਂ ਹਨ, ਇਹ ਗਊਆਂ ਬਾਰਾਂ ਚੰਗੇ ਸੰਗੀਤਕਾਰਾਂ ਨੂੰ ਦਿਤੀਆਂ ਜਾਣਗੀਆਂ।

ਸਕੂਲ ਦੇ ਬੱਚਿਆਂ ਲਈ ਉਹ ਮਨੋਰੰਜਨ ਦਾ ਦਿਨ ਸੀ। ਅਸੀਂ ਗੁਰਦੁਆਰੇ ਦੀ ਡਿਉੜੀ ਤੋਂ ਥੋੜਾ ਅਗਾਂਹ ਭੱਠੇ ਕੋਲ ਦੀ ਪੱਕੀ ਸੜਕ ਨੂੰ ਜਾਂਦੇ ਰਾਹ ਵਲ ਨੂੰ ਹੋ ਕੇ ਖੜੋ ਗਏ ਸਾਂ।

ਸੰਗੀਤਕਾਰ ਗਊਆਂ ਨੂੰ ਅਗਾਂਹ ਸੜਕ ਵਲ ਨੂੰ ਧਰੂੰਹਦੇ। ਉਹ ਰੱਸੇ ਤੁੜਾ ਕੇ ਪਿਛਾਂਹ ਆਪਣੇ ਤਬੇਲੇ ਵਲ ਦੌੜਦੀਆਂ। ਸਾਡੇ ਲਈ ਇਹ ਮਨੋਰੰਜਨ ਸੀ ਪਰ ਸੰਗੀਤਕਾਰਾਂ ਲਈ ਗਊਆਂ ਨੂੰ ਲਿਜਾਣਾ ਇਕ ਮੁਸੀਬਤ ਹੋ ਗਈ ਸੀ।

ਇਹ ਸੰਘਰਸ਼ ਦੁਪਹਿਰਾਂ ਤਕ ਚਲਦਾ ਰਿਹਾ। ਅਖੀਰ ਹਾਰ ਕੇ ਸੰਗੀਤਕਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਰਨ ਆਏ। ਬੋਲੇ-"ਮਹਾਰਾਜ! ਸਾਡਾ ਇਮਤਿਹਾਨ ਨਾ ਲਓ, ਆਪਣੀਆਂ ਗਊਆਂ ਸੰਭਾਲੋ। ਇਹਨਾਂ ਦਾ ਦੁੱਧ ਪੀਣਾ ਸਾਡੇ ਭਾਗਾਂ ਵਿਚ ਨਹੀਂ ਲਿਖਿਆ ਹੋਇਆ। ਪਰ ਇਕ ਬੇਨਤੀ ਜ਼ਰੂਰ ਕਰਾਂਗੇ, ਸਾਨੂੰ ਇਨਾਮ ਵਜੋਂ ਇਹਨਾਂ ਦੇ ਗਲੀਂ ਬੱਝੇ ਘੁੰਗਰੂ ਦੇ ਦਿਓ। ਘੁੰਗਰੂਆਂ ਦਾ ਸੰਗੀਤ ਸਾਨੂੰ ਭੈਣੀ ਸਾਹਿਬ ਦੇ ਇਸ ਇਤਿਹਾਸਕ ਸੰਗੀਤ ਸੰਮੇਲਨ ਦੀ ਯਾਦ ਨੂੰ ਤਾਜ਼ਾ ਰੱਖਣ ਦੀ ਪ੍ਰੇਰਣਾ ਦਿੰਦਾ ਰਹੇਗਾ।" (ਵਰਿਆਮ ਜੂਨ ੧੯੭੭)

ਇਸ ਵੇਲੇ ਵੀ ਨਾਮਧਾਰੀ ਸੰਗੀਤਕਾਰਾਂ ਦੀ ਨਵੀਂ ਪੀੜ੍ਹੀ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਬੜੀ ਮਿਹਨਤ ਨਾਲ ਪੁਰਾਣੀਆਂ ਗੁਰਮਤ ਰੀਤਾਂ ਜੋ ਆਪ ਨੇ ਰਬਾਬੀ ਉਸਤਾਦਾਂ ਪਾਸੋਂ ਸਿਖਿਆਂ ਹਨ ਅਤੇ ਧਰੁਪਦ ਸ਼ੈਲੀ ਤੇ ਆਧਾਰਤ ਹਨ ਸਿਖਾਈਆਂ ਹਨ। ਇਸ ਤੋਂ ਇਲਾਵਾ ਬਹੁਤ ਦੁਰਲਭ ਸੁਰ ਤਾਲ ਰਚਨਾਵਾਂ ਨਵੀਆਂ ਕੰਪੋਜ਼ ਕੀਤੀਆਂ ਹਨ ਜੋ ਬਹੁਤ ਆਕਰਸ਼ਕ ਹਨ ਅਤੇ ਜਦੋਂ ਗੁਣੀਜਣਾਂ ਦੀ ਸਭਾ ਵਿਚ ਉਹ ਸੁਣਾਈਆਂ ਜਾਂਦੀਆਂ ਹਨ ਤਾਂ ਦੁਨੀਆਂ ਹੀ ਬਦਲ ਜਾਂਦੀ ਹੈ।

ਗੁਰਮਤ ਸੰਗੀਤ, ਅਤੇ ਸ਼ਾਸਤਰੀ ਸੰਗੀਤ ਦੀਆਂ ਸਾਰੀਆਂ ਸ਼ੈਲੀਆਂ ਵਿਚ ਤਾਂ ਸੰਗੀਤ ਵਿਦਿਆਰਥੀਆਂ ਨੂੰ ਮੁਹਾਰਤ ਪ੍ਰਦਾਨ ਕੀਤੀ ਗਈ ਹੈ ਪਰ ਨਾਲ ਨਾਲ ਹੀ ਸਰਲ ਸੰਗੀਤ ਵਿਚ ਹੁੰਦਾ ਕੀਰਤਨ 'ਹੱਲੇ ਦਾ ਦੀਵਾਨ' ਜਿਸ ਵਿਚ ਢੋਲਕ ਛੈਣਿਆਂ ਨਾਲ ਰਵਾਇਤੀ ਢੰਗ ਦਾ ਕੀਰਤਨ ਕੀਤਾ ਜਾਂਦਾ ਹੈ ਉਸ ਦੀਆਂ ਰੀਤਾਂ ਵੀ ਆਸਾ ਦੀ ਵਾਰ ਦੇ ਕੀਰਤਨ ਵਾਸਤੇ ਰਾਗਾਂ ਵਿਚ ਨਿਬੱਧ ਕੀਤੀਆਂ ਹੁੰਦੀਆਂ ਹਨ। ਕੀਰਤਨਕਾਰ ਭਾਵੇਂ ਬਕਾਇਦਾ ਰਾਗ ਨਹੀਂ ਸਿੱਖੇ ਹੁੰਦੇ ਪਰ ਉਹ ਸੁੱਤੇ ਸਿੱਧ ਹੀ ਆਸਾ, ਭੈਰਵ, ਭੈਰਵੀ, ਆਸਾਵਰੀ, ਦੇਸ, ਸੋਰਠ ਆਦਿ ਰਾਗਾਂ ਦੀਆਂ ਬੰਦਸ਼ਾਂ ਵਿਚ ਰਸ ਅਤੇ ਵਜਦ ਭਰਪੂਰ ਕੀਰਤਨ ਕਰਦੇ ਹਨ। ਇਸ ਤਰ੍ਹਾਂ ਸ੍ਰੀ ਭੈਣੀ ਸਾਹਿਬ ਵਿਚ ਸੰਗੀਤ ਦੇ ਸਾਰੇ ਰੂਪ, ਸੁਗਮ ਸੰਗੀਤ, ਗੁਰਮਤ ਸੰਗੀਤ ਅਤੇ ਸ਼ਾਸਤਰੀ ਸੰਗੀਤ ਦੀਆਂ ਸਭ ਸ਼ੈਲੀਆਂ ਅਤੇ ਪ੍ਰਕਾਰ ਸੁਰੱਖਿਅਤ ਹਨ।

ਸ੍ਰੀ ਭੈਣੀ ਸਾਹਿਬ ਸੰਗੀਤ ਦਾ ਅਦਭੁਤ ਕੇਂਦਰ ਹੈ।

❖❖❖



Sri Satguru Jagjit Singh Ji eLibrary NamdhariElibrary@gmail.com

Our Motto : Best Quality of the Day

**High Class Gun Manufacturers**

**Single & Double Barrels**



# 12-Bore GUNS

## Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*

**M/S. KARTAR SINGH**
**ARMS & AMMUNITION DEALERS**




Sri Satguru Jagjit Singh Ji eLibrary NamdhariElibrary@gmail.com

https://archive.org/details/namdhari



# ਭਾਈ ਨਸੀਰਾ

—ਬਲਬੀਰ ਸਿੰਘ ਕੰਵਲ

ਮਹਾਰਾਜ ਇੰਦੌਰ ਸਾਰੰਗੀ ਸੁਣਨ ਦਾ ਬੜਾ ਸ਼ੌਕੀਨ ਸੀ, ਮਹਾਰਾਜਾ ਪਟਿਆਲਾ ਵਚਿੱਤ੍ਰ ਵੀਣਾ ਦਾ ਅਤੇ ਮਹਾਰਾਜਾ ਰਾਏਗੜ੍ਹ ਚੱਕਰਧਰ ਸਿੰਘ (੧੯੦੫-੧੯੪੭) ਤਬਲੇ ਦਾ। ਮਹਾਰਾਜਾ ਪਟਿਆਲਾ ਨੇ 'ਗੁਰਮਤਿ ਸੰਗੀਤ' ਦੀ ਖੋਜ ਤੇ ਜਿਥੇ ਲੱਖਾਂ ਰੁਪਏ ਖਰਚ ਕੀਤੇ ਉਥੇ ਮੱਧ ਪ੍ਰਦੇਸ਼ ਦੇ ਚੱਕਰਧਰ ਸਿੰਘ ਨੇ ਤਬਲੇ ਦੀ ਤਲਾਸ਼ ਤਹਿਕੀਕ ਤੇ ਲੱਖਾਂ ਰੁਪਏ ਖਰਚ ਕਰ ਦਿੱਤੇ। ਤਬਲੇ ਦਾ ਉਹ ਮਹਾਨ ਪੰਡਿਤ ਤਬਲੇ ਸਬੰਧੀ ਤੋੜੇ, ਟੁਕੜੇ ਅਤੇ ਪਰਨਾਂ ਆਦਿ ਆਪ ਰਚਦਾ ਰਹਿੰਦਾ ਨਿੱਤ ਨਵੇਂ ਤਜਰਬੇ ਕਰਦਾ ਰਹਿੰਦਾ। ਆਪਣੀਆਂ ਕੁਝ ਕੁ ਪ੍ਰਸਿੱਧ ਪਰਨਾ ਦੇ ਨਾਂ ਏਹੋ ਜਿਹੇ ਰੱਖਦਾ—ਦਲ-ਬੱਦਲ, ਕੜਕ-ਬਿਜਲੀ, ਚਮਕ-ਬਿਜਲੀ, ਰਾਜ-ਬਿਲਾਸ, ਅਭਿਸਾਰਕਿਾ ਅਤੇ ਨਵਰਸ ਪਰਨ ਆਦਿ। ਇਹ ਪਰਨਾਂ ਵਜਾਉਣ ਨਾਲ ਜਿਹੋ ਜਿਹਾ ਵੀ ਪ੍ਰਭਾਵ ਪੈਦਾ ਹੁੰਦਾ ਉਹ ਉਸਦਾ ਓਹੋ ਜਿਹਾ ਢੁਕਵਾਂ ਨਾ ਰੱਖਦਾ ਜਿਵੇਂ ਕਿ ਬੱਦਲ ਗੜਕ ਰਹੇ ਦੀ ਆਵਾਜ਼ ਪੈਦਾ ਕਰਨ ਵਾਲੀ ਪਰਨ ਦਾ ਨਾਂ ਦਲ-ਬੱਦਲ, ਬਿਜਲੀ ਕੜਕ ਦੀ ਰੜਕ ਪੈਦਾ ਕਰਨ ਵਾਲੀ ਦਾ ਨਾਂ ਕੜਕ-ਬਿਜਲੀ ਪਰਨ ਆਦਿ। ਦੱਸਿਆ ਜਾਂਦਾ ਹੈ ਕਿ ਤਬਲੇ ਸਬੰਧੀ ਉਸਨੇ ਕਈ ਖਰੜੇ ਤਿਆਰ ਕੀਤੇ ਕਰਵਾਏ। ਉਸਦੇ ਸਿਰਫ ਇਕ ਖਰੜੇ, ਜਿਹੜਾ ਕਿ ਤਾਲਨਿਧੀ ਸਬੰਧੀ ਹੈ, ਦਾ ਭਾਰ ਛੱਤੀ ਕਿੱਲੋ ਹੈ। ਆਪਣੇ ਰਾਜ ਦਰਬਾਰ ਵਿਚ ਉਂਝ ਤਾਂ ਭਾਵੇਂ ਉਸਨੇ ਮੇਰਠ ਦੇ ਪ੍ਰਸਿੱਧ ਤਬਲਾ ਨਵਾਜ਼ ਮੁਨੀਰ ਖਾਂ ਨੂੰ ਪੱਕੇ ਤੌਰ ਤੇ ਰੱਖਿਆ ਹੋਇਆ ਸੀ, ਪਰ ਪੰਜਾਬ ਦੇ ਜਿਹੜੇ ਦੋ ਮਹਾਨ ਤਬਲੀਆਂ ਨੂੰ ਉਹ ਗਾਹੇ-ਬਗਾਹੇ ਤਲਬ ਕਰਕੇ, ਕਈ ਕਈ ਮਹੀਨੇ ਆਪਣੇ ਕੋਲ ਰੱਖਦਾ, ਉਹ ਸਨ ਮੀਆਂ ਕਾਦਰ ਬਖਸ਼ ਲਾਹੌਰੀ ਅਤੇ ਭਾਈ ਨਸੀਰਾ ਅੰਮ੍ਰਿਤਸਰੀ। ਮੱਧ ਪ੍ਰਦੇਸ਼ ਦੀ ਇਹ ਓਹੀ ਰਿਆਸਤ ਸੀ ਜਿਸਨੇ ਕਿ ਪੰਜਾਬ ਦੇ ਇਨ੍ਹਾਂ ਦੋਹਾਂ ਕਲਾਕਾਰਾਂ— ਮੀਆਂ ਕਾਦਰ ਬਖਸ਼ ਨੂੰ ਰੁਸਤਮਿ-ਹਿੰਦ ਦਾ ਅਤੇ ਭਾਈ ਨਸੀਰਾ ਨੂੰ 'ਦ ਸਟਾਰ ਔਫ ਇੰਡੀਆ' ਦੇ ਖਿਤਾਬ ਦਿਤੇ ਹੋਏ ਸਨ। ਕੁਝ ਵਿਦਵਾਨਾਂ ਦਾ ਮੱਤ ਤਾਂ ਏਥੋਂ ਤੱਕ ਵੀ ਹੈ ਕਿ ਤਬਲੇ ਤੇ ਜਿਹੜਾ ਮਹਾਨ ਗ੍ਰੰਥ ਜਾਂ ਟ੍ਰੀਟਾਈਜ਼ ਮਹਾਰਾਜੇ ਨੇ ਤਿਆਰ ਕਰਵਾਇਆ ਸੀ, ਉਸ ਵਿਚ ਕਿਸੇ ਨਾ ਕਿਸੇ ਰੂਪ ਵਿਚ ਪੰਜਾਬ ਦੇ ਇਨ੍ਹਾਂ ਦੋਹਾਂ ਕਲਾਕਾਰਾਂ ਦਾ ਵੀ ਆਪਣਾ ਯੋਗਦਾਨ ਜਾਂ ਹਿੱਸਾ ਹੈ।

ਜਗਤ-ਵਿਖਿਆਤ ਤਬਲਾ ਨਵਾਜ਼ ਉਸਤਾਦ ਅੱਲਾ ਰੱਖਾਂ ਖਾਂ (੧੯੧੫-੨੦੦੦) ਨਾਲ ਮੇਰੀਆਂ ਲੰਮੀਆਂ ਚੌੜੀਆਂ ਮੁਲਾਕਾਤਾਂ ਅਕਸਰ ਹੁੰਦੀਆਂ ਰਹਿੰਦੀਆਂ ਸਨ। ਉਹ ਦੱਸਦੇ ਹੁੰਦੇ ਸਨ ਕਿ ਮੇਰੇ ਉਸਤਾਦ ਮੀਆਂ ਕਾਦਰ ਬਖਸ਼ ਜੀ ਕੋਲ ਤਬਲੇ ਸਬੰਧੀ ਇਕ ਹੱਥ-ਲਿਖਤ ਪੋਥੀ ਹੁੰਦੀ ਸੀ, ਜਿਹੜੀ ਕਿ ਉਹ ਮੈਨੂੰ ਪੰਜ ਸੌ ਰੁਪਏ 'ਚ ਦੇਣ ਦੇ ਚਾਹਵਾਨ ਹੁੰਦੇ ਸਨ, ਪਰ ਉਦੋਂ ਮੈਂ ਉਨ੍ਹਾਂ ਦੀ ਇਹ ਗੱਲ ਨਾ ਸਿਰਫ ਅਣਸੁਣੀ ਕਰਦਾ ਰਿਹਾ ਬਲਕਿ ਬੁਰੀ ਵੀ ਮਨਾਉਂਦਾ ਸਾਂ। ਐਨੇ ਦਹਾਕੇ ਬੀਤ ਜਾਣ ਪਿਛੋਂ, ਪਰ ਅੱਜ ਪਛਤਾਉਂਦਾ ਹਾਂ ਕਿ ਮੈਂ ਉਹ ਮਸੱਵਦਾ (ਖਰੜਾ) ਉਨ੍ਹਾਂ ਕੋਲੋਂ ਉਦੋਂ ਕਿਉਂ ਨਾ ਲੈ ਕੇ ਸਾਂਭ ਲਿਆ। ਇਸ ਗੱਲ ਤੋਂ ਛੁੱਟ ਉਨ੍ਹਾਂ ਨਾਲ ਜਦ ਕਦੇ ਵੀ ਭਾਈ ਨਸੀਰੇ ਬਾਰੇ ਗੱਲਬਾਤ ਚੱਲੀ ਤਾਂ ਉਨ੍ਹਾਂ ਹਮੇਸ਼ਾ ਉਸ ਬਾਰੇ ਬੜੀ ਉੱਚੀ ਰਾਏ ਦਾ ਇਜ਼ਹਾਰ ਕਰਦਿਆਂ ਇਹ ਗੱਲ ਆਖੀ, "ਉਹ ਬੜੇ ਉੱਚ ਕੋਟੀ ਦੇ ਫੰਨਕਾਰ, ਬਲਾ ਦੇ ਤਬਲੀਏ ਸਨ। ਹਿੰਦੁਸਤਾਨ ਭਰ ਵਿਚ ਕਾਹਨੂੰ ਕਿਸੇ ਨੂੰ ਆਗਤ ਜਮਾਂ 'ਚ ਰੱਖਦੇ ਸਨ। ਕਿਸੇ ਨੂੰ ਵੀ ਆਪਣਾ ਉਸਤਾਦ ਬਣਾਉਣ ਲਈ ਨਹੀਂ ਸਨ ਮੰਨਦੇ। ਅਕਸਰ ਕਿਹਾ ਕਰਦੇ ਸਨ, "ਜੋ ਕੁਛ ਵੀ ਆਪਣੇ ਅੱਬੂ ਕੋਲੋਂ ਸਿੱਖਿਆ ਬਸ ਓਹੀ ਕੁਝ ਹੀ ਬਹੁਤ ਹੈ। ਹਾਂ ਅਗਲਾ ਪਹਿਲਾਂ ਮੇਰੇ ਨਾਲ ਮੁਕਾਬਲਾ ਕਰ ਲਏ, ਫਿਰ ਵੇਖਾਂ ਸੋਚਾਂਗੇ।"

ਤਾਲ ਵਿਦਿਆ ਨਾਲ ਮਾਮੂਲੀ ਮੱਸ ਰੱਖਣ ਵਾਲੇ ਵਿਅਕਤੀ ਵੀ ਇਸ ਗੱਲ ਨੂੰ ਭਲੀ ਭਾਂਤ ਜਾਣਦੇ ਹਨ ਕਿ ਹਿੰਦੁਸਤਾਨ ਦੀ ਧਰਤੀ ਹਾਲੇ ਤੱਕ ਦੱਤੀਆ ਰਿਆਸਤ ਦੇ ਕਦਊ ਸਿੰਘ ਨਾਲੋਂ ਹੋਰ ਕੋਈ ਵੱਡਾ ਪਖਾਵਜੀ ਪੈਦਾ ਨਹੀਂ ਕਰ ਸਕੀ। ਇਹ ਗੱਲ ਭਾਈ ਨਸੀਰਾ ਤੋਂ ਇਕ ਪੀਹੜੀ ਪਹਿਲਾਂ ਦੀ ਹੈ। ਹੁਣ ਤੱਕ, ਭਾਈ ਨਸੀਰਾ ਪੂਰੇ ਹਿੰਦੁਸਤਾਨ 'ਚ ਆਪਣਾ ਪੂਰਾ ਸਿੱਕਾ ਜਮਾਂ ਚੁਕਾ ਸੀ। ਮਹਾਰਾਜਾ ਰਾਏਗੜ੍ਹ ਨੇ ਉਸਦੀ ਸਿਫਤ-ਸਲਾਹ ਸੁਣਕੇ ਉਸਨੂੰ ਆਪਣੀ ਰਿਆਸਤ ਵਿਚ ਸੱਦਿਆ ਤਾਂ ਜੋ ਉਸਦਾ ਇਮਤਿਹਾਨ ਲਿਆ ਜਾ ਸਕੇ। ਸਕੀਮ ਇਹ ਸੀ ਕਿ ਆਪਣੀ ਰਿਆਸਤ ਦੇ ਇਕ ਦਰਬਾਰੀ ਪਰਬਤ ਸਿੰਘ (੧੮੭੬-੧੯੫੧) ਜਿਹੜਾ ਕਿ ਕਦਊ ਸਿੰਘ ਦਾ ਭਤੀਜਾ ਸੀ ਅਤੇ ਜੁਆਈ ਵੀ ਲੱਗਦਾ ਸੀ, ਉਸਦਾ ਉਸ ਨਾਲ ਮੁਕਾਬਲਾ ਕਰਵਾ ਕੇ ਉਸਨੂੰ ਨੀਵਾਂ ਦਿਖਾਇਆ ਜਾਏ। ਧਮਾਰ ਤਾਲ ਵਜਾਇਆ ਗਿਆ ਅਤੇ



Sri Satguru Jagjit Singh Ji eLibrary NamdhariElibrary@gmail.com

ਕਈ ਘੰਟਿਆਂ ਦੇ ਮੁਕਾਬਲੇ ਪਿੱਛੋਂ ਭਾਈ ਨਸੀਰਾ ਨੂੰ ਜੇਤੂ ਕਰਾਰ ਦਿੱਤਾ ਗਿਆ। ਮਹਾਰਾਜੇ ਨੇ ਉਸ ਨੂੰ 'ਦ ਸਟਾਰ ਔਫ ਇੰਡੀਆ' ਦੇ ਮਾਣ-ਮੱਤੇ ਖਿਤਾਬ ਨਾਲ ਸਨਮਾਨਿਤ ਕੀਤਾ। ਇਕ ਹੋਰ ਮੌਕੇ ਤੇ ਮਹਾਰਾਜੇ ਨੇ ਉਸ ਨੂੰ 'ਤਾਲ ਸਮਰਾਟ' ਦੇ ਖਿਤਾਬ ਨਾਲ ਵੀ ਨਿਵਾਜਿਆ ਸੀ।

ਏਥੇ ਇਕ ਇਹ ਤੱਥ ਬੜਾ ਦਿਲਕਸ਼ ਹੈ ਕਿ ਹਿੰਦੁਸਤਾਨ ਦੇ ਮੰਨੇ ਪ੍ਰਮੰਨੇ ਤਿੰਨ ਮਹਾਨ ਵਜੰਤੀਆਂ ਅਰਥਾਤ ਮੀਆਂ ਕਾਦਰ ਬਖਸ਼, ਭਾਈ ਨਸੀਰਾ ਅਤੇ ਕਰੀਮ ਬਖਸ਼ ਪਰੇਨਾ ਦਾ ਜਨਮ ਸਾਲ ੧੯੦੨ ਭਾਵ ਕਿ ਇਕੋ ਹੀ ਹੈ। ਇਹ ਤਿੰਨੇ ਕਲਾਕਾਰ ਹਾਣੀ ਸਨ ਤਾਂ ਵੀ ਮਨੋ-ਮਨੀ ਕਾਦਰ ਬਖਸ਼ ਇਹ ਚਾਹੁੰਦਾ ਸੀ ਕਿ ਪੁਰਾਣੀਆਂ ਖਾਨਦਾਨੀ ਰਵਾਇਆਤਾਂ ਨੂੰ ਕਾਇਮ ਰੱਖਦਿਆਂ ਭਾਈ ਨਸੀਰਾ ਉਸਨੂੰ ਆਪਣਾ ਗੁਰੂ ਮੰਨੇ। ਭਾਵੇਂ ਕਿ ਉਸਦਾ ਬਾਪ ਫਕੀਰ ਬਖਸ਼ ਉਸਦੇ ਪਿਤਾ ਭਾਈ ਅਮੀਰ ਤੋਂ ਇਕ ਵਾਰ ਮਾਤ ਵੀ ਖਾ ਚੁੱਕਾ ਸੀ। ਅੰਤ ਨੂੰ ਇਕ ਦਿਨ ਅਜਿਹਾ ਆ ਗਿਆ ਕਿ ਉਨ੍ਹਾਂ ਦੋਹਾਂ ਮਹਾਨ ਕਲਾਕਾਰਾਂ ਦਾ ਆਪਸ ਵਿਚੀਂ ਮੁਕਾਬਲਾ ਹੋ ਗਿਆ। ਉਸਤਾਦ ਅੱਲਾ ਰੱਖਾ ਖਾਂ ਦੇ ਦੱਸਣ ਅਨੁਸਾਰ, " ਆਖਰ ਉਸਦਾ ਮੇਰੇ ਪੀਰੋ-ਮੁਰਸ਼ਦ ਮੀਆਂ ਕਾਦਰ ਬਖਸ਼ ਨਾਲ ਟਾਕਰਾ ਹੋ ਗਿਆ। ਉਹ ਦੋਵੇਂ ਕਲਾਕਾਰ ਆਪਸ ਵਿਚੀਂ ਕਈ ਘੰਟੇ ਮੁਕਾਬਲਾ ਕਰਦੇ ਰਹੇ। ਆਖਰ ਨੌਬਤ ਪੰਜ ਤਾਰ ਦੀ ਸਵਾਰੀ.......ਤੀਸਰੇ ਦਰਜੇ ਦੀ ਲਯ ਨੂੰ ਤਕਸੀਮ ਕਰਨ ਦੀ ਆ ਗਈ। ਉਸ ਵਿਚ ਤਿੰਨ ਦਫਾ ਆਉਣਾ ਹੁੰਦਾ ਹੈ, ਜਿਸਨੂੰ ਕਿ ਧਤੀਆ ਵੀ ਕਹਿੰਦੇ ਹਨ। ਜਦੋਂ ਉਸ ਕੋਲੋਂ ਉਹ ਨਾ ਵੱਜਾ ਤਾਂ ਮਸਾਂ ਕਿਤੇ ਜਾ ਕੇ ਭਾਈ ਨਸੀਰਾ ਮੀਆਂ ਜੀ ਦੀ ਬਰਤਰੀ (ਬਹਿਤਰੀ) ਨੂੰ ਮੰਨਿਆ। ਪਿਛੋਂ ਉਹ ਉਹਨਾਂ ਅੱਗੇ ਸ਼ੱਕਰ ਰੱਖ ਕੇ ਉਨ੍ਹਾਂ ਦਾ ਸ਼ਾਗਿਰਦ ਹੋਇਆ। ਭਾਈ ਨਸੀਰਾ ਜਾਂ ਭਾਈ ਅਮੀਰਾ, ਪਖਾਵਜ ਅੰਗ ਵਜਾਉਂਦੇ ਸਨ ਗਤਕਾਰੀਏ ਨਹੀਂ ਸਨ।"

ਭਾਈ ਨਸੀਰਾ, ਭਾਈ ਚਿਰਾਗ ਦਾ ਬੇਟਾ ਸੀ, ਜਿਸਨੂੰ ਕਿ ਭਾਈ ਅਮੀਰ ਨੇ ਆਪਣਾ ਮਤਬੰਨਾ ਬਣਾ ਲਿਆ ਸੀ। ਆਪਦਾ ਜਨਮ ਅੰਮ੍ਰਿਤਸਰ ਵਿਖੇ ੧੯੦੨ ਵਿਚ ਹੋਇਆ। ਆਪਣੇ ਪੁਰਖਾਂ ਤੋਂ ਤਾਲੀਮ ਲੈ ਕੇ ਉਹ ਦਰਬਾਰ ਸਾਹਿਬ ਵਿਚ ਸੇਵਾ ਕਰ ਰਹੇ ਆਪਣੇ ਸਮੇਂ ਦੇ ਲਗਪਗ ਸੱਭ ਵੱਡੇ ਰਬਾਬੀਆਂ– ਜਿਵੇਂ ਕਿ ਭਾਈ ਸਾਈਂ ਦਿੱਤਾ, ਭਾਈ ਦੇਸਾ ਅਤੇ ਭਾਈ ਤਾਬਾ ਆਦਿ ਨਾਲ, ੧੯੩੪ ਤੋਂ ਲੈ ਕੇ ੧੯੪੦ ਤੱਕ, ਸੰਗਤ ਕਰਦਾ ਰਿਹਾ। ੧੯੪੦ ਦੇ ਨੇੜੇ ਤੇੜੇ ਆਪਣੀ ਮਨਸ਼ਾ ਅਨੁਸਾਰ ਸ੍ਰੀ ਦਰਬਾਰ ਸਾਹਿਬ ਤੋਂ ਆਪ ਨੇ ਨੌਕਰੀ ਤਿਆਗ ਦਿੱਤੀ ਅਤੇ ਉਸ ਪਿਛੋਂ ਦੇਸ਼ ਭਰ ਦੀਆਂ ਵੱਡੀਆਂ ਵੱਡੀਆਂ ਸੱਭ ਸੰਗੀਤਕ ਕਾਨਫ੍ਰੰਸਾਂ ਵਿਚ ਭਾਗ ਲੈਣ ਜਾਂਦਾ ਰਿਹਾ। ਸਾਰੇ ਦੇਸ਼ ਦੇ ਦੌਰੇ ਕਰ ਕਰਕੇ ਉਸਨੇ ਖ਼ੂਬ ਨਾਂ ਜਸ ਖੱਟਿਆ ਉਹ ਵਕਤ ਹੀ ਕੁਝ ਏਹੋ ਜਿਹੇ ਸਨ ਕਿ ਆਪਣੇ ਸਮਿਆਂ ਦੇ ਚਾਰ ਪ੍ਰਸਿੱਧ ਵਜੰਤਰੀ ਅਰਥਾਤ ਬਾਬਾ ਮਲੰਗ ਖਾਂ, ਭਾਈ ਸੰਤੂ, ਭਾਈ ਅੱਲਾ ਰੱਖਾ ਅੰਮ੍ਰਿਤਸਰੀ ਅਤੇ ਭਾਈ ਨਸੀਰਾ ਜਦ ਕਿਧਰੇ ਵੀ ਕਿਸੇ ਰਿਆਸਤ ਜਾਂ ਕਿਸੇ ਵੱਡੀ ਸੰਗੀਤ ਕਾਨਫ੍ਰੰਸ 'ਚ ਇਕੱਠੇ ਹੁੰਦੇ , ਉਹ ਹਮੇਸ਼ਾ ਆਪਸ ਵਿਚੀਂ ਮੁਕਾਬਲੇ ਲਈ ਅਹੁਲਦੇ।

ਭਾਵੇਂ ਕਿ ਢੇਰ ਕਰ ਕੇ ਆਪ ਨੇ ਸੋਲੋ ਪਖਾਵਜ ਵਜਾਇਆ, ਪਰ ਆਪ ਤਬਲਾ ਅਤੇ ਪਖਾਵਜ ਵਜਾਉਣ ਵਿਚ ਵੀ ਓਨੀ ਹੀ ਮੁਹਾਰਤ ਰੱਖਦੇ ਸਨ। ਉਨ੍ਹਾਂ ਦੀ ਖਾਸ ਵਿਸ਼ੇਸ਼ਤਾ ਇਹ ਸੀ ਕਿ ਹਥੇਲੀ ਅਤੇ ਅੰਗੂਠੇ ਦੇ ਕੰਮ ਦੇ ਵੱਡੇ ਮਾਹਿਰ ਸਨ ਅਤੇ ਇਸਦੇ ਨਾਲ ਨਾਲ ਪਖਾਵਜ ਜਾਂ ਤਬਲੇ ਨੂੰ ਜ਼ਿਆਦਾ ਤੋਂ ਜ਼ਿਆਦਾ ਚਾਰ ਸੱਟਾ ਠੱਕ ਠਕਾਂ ਨਾਲ ਹੀ ਸੁਰ ਕਰ ਲੈਂਦੇ ਸਨ। ਤਬਲੇ ਦੇ ਬੋਲਾਂ ਦੀ ਖੂਬਸੂਰਤ ਕੱਢ ਵੱਢ ਬੇਮਿਸਾਲ ਲਯਕਾਰੀ ਅਤੇ ਦੁਰੱਤ 'ਚ ਵੀ ਬੇਮਿਸਾਲ ਸਫਾਈ ਸੁਥਰਾਈ ਜਿਹੜੇ ਕਿ ਐਨਾ ਸਹਿਲ ਕੰਮ ਨਹੀਂ, ਇਹ ਆਪ ਦੇ ਵਿਸ਼ੇਸ਼ ਗੁਣ ਸਨ। ਖਾਸ ਕਰਕੇ, ਸੋਲੋ ਵਜਾਉਣ ਲੱਗਿਆਂ ਆਪ ਬਹੁਤ ਖੁਲ੍ਹਦੇ ਸਨ। ਧਮਾਰ ਤਾਲ, ਝੱਪ ਤਾਲ, ਪੰਜ ਤਾਲ ਦੀ ਸਵਾਰੀ ਅਤੇ ਗਣੇਸ਼ ਪਰਨ ਆਦਿ ਆਪ ਬੜੇ ਸ਼ੌਕ ਅਤੇ ਚਾਹਨਾ ਨਾਲ ਵਜਾਉਂਦੇ ਸਨ।

੧੯੪੭ ਵਿਚ ਪਾਕਿਸਤਾਨ ਬਣਿਆ ਤਾਂ ਆਪ ਅੰਮ੍ਰਿਤਸਰ ਤੋਂ ਹਿਜਰਤ ਕਰਕੇ ਲਾਹੌਰ ਚਲੇ ਗਏ ਅਤੇ ਓਥੇ ਰੇਡੀਓ ਪਾਕਿਸਤਾਨ 'ਚ ਨੌਕਰ ਹੋ ਗਏ। ਇਸ ਅਦਾਰੇ ਨਾਲ ਉਹ ਆਖਰੀ ਦਿਨਾਂ ਤੱਕ ਜੁੜੇ ਰਹੇ। ਲਾਹੌਰ ਵਿਖੇ ਆਪ ਕਟੜੀ ਬਾਵਾ, ਚੂਨਾ ਮੰਡੀ ਰਹਿੰਦੇ ਹੁੰਦੇ ਸਨ। ਪਾਕਿਸਤਾਨ ਦੀਆਂ ਕਈ ਫਿਲਮਾਂ ਵਿਚ ਆਪ ਦੀ ਪਖਾਵਜ ਬੜੀ ਪ੍ਰਸਿੱਧ ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ ਆਪ ਅਕਸਰ ਭੈਣੀ ਸਾਹਿਬ ਆਉਂਦੇ ਜਾਂਦੇ ਰਹੇ ਸਨ ਜਿਥੇ ਕਿ ਮਹਾਰਾਜ ਬੀਰ ਸਿੰਘ ਆਪਦੇ ਸ਼ਾਗਿਰਦ ਹੋ ਗਏ ਸਨ। ਪਾਕਿਸਤਾਨ ਜਾ ਕੇ ਆਪ ਨੇ ਕਈ ਸ਼ਾਗਿਰਦ ਤਿਆਰ ਕੀਤੇ। ਆਪ ਦੇ ਦੋ ਬੇਟੇ ਅਤੇ ਚਾਰ ਬੇਟੀਆਂ ਹਨ। ਆਪ ਦਾ ਇਕ ਬੇਟਾ ਫ਼ਿਲਮ ਇੰਡਸਟਰੀ 'ਚ ਸਹਾਇਕ ਮਿਊਜ਼ਿਕ ਡਾਇਰੈਕਟਰ ਹੈ, ਜਦਕਿ ਉਨ੍ਹਾਂ ਦਾ ਦੂਜਾ ਬੇਟਾ ਦਰਜ਼ੀ ਦਾ ਕੰਮ ਕਰਦਾ ਹੈ। ਆਖਰ ੨੫ ਦਸੰਬਰ ੧੯੬੪ ਨੂੰ ਪਖਾਵਜ ਅਤੇ ਤਬਲੇ ਦਾ ਇਹ ਮਹਾਨ ਵਜੰਤਰੀ ਆਪਣੇ ਹਜ਼ਾਰਾਂ ਚਾਹੁਣ ਵਾਲਿਆਂ ਨੂੰ ਸਦੀਵੀ ਵਿਛੋੜਾ ਦੇ ਗਿਆ।

*2. Albert Road.*
*Ilford Essex*
*IGI-1HN-UK*

❖❖❖



Sri Satguru Jagjit Singh Ji eLibrary NamdhariElibrary@gmail.com

### ਕੈਮਰੇ ਦੀ ਅੱਖ ਬੋਲਦੀ

# ਸੰਗੀਤ ਨੂੰ ਸ਼ੋਰ ਤੋਂ ਬਚਾਓ

*—ਗੁਰਭਜਨ ਗਿੱਲ*

ਤੇਜ ਪ੍ਰਤਾਪ ਸਿੰਘ ਸੰਧੂ ਲੁਧਿਆਣਾ, ਫੋਟੋਗ੍ਰਾਫੀ ਦੇ ਖੇਤਰ ਵਿਚ ਇਕ ਸ੍ਰੇਸ਼ਟ ਨਾਮ ਹਨ। ਜਿਥੇ ਉਹਨਾਂ ਪੰਜਾਬੀ ਸਾਹਿਤ ਤੇ ਸਭਿਆਚਾਰ ਨਾਲ ਸੰਬੰਧਤ ਆਪਣੇ ਹੱਥੀਂ ਖਿਚੀਆਂ ਕਲਾਤਮਕ ਤਸਵੀਰਾਂ ਦਾ ਇਕ ਖਜ਼ਾਨਾ ਸਥਾਪਤ ਕੀਤਾ ਹੈ, ਉਥੇ ਉਹਨਾਂ ਦੇ ਕੈਮਰੇ ਦੀ ਅੱਖ ਸਾਡੇ ਆਲੇ ਦੁਆਲੇ ਦੇ ਚੰਗੇ ਮਾੜੇ ਵਰਤਾਰੇ ਨੂੰ ਵੀ ਆਪਣੇ ਵਿਲੱਖਣ ਅੰਦਾਜ਼ ਵਿਚ ਸਾਡੇ ਸਾਹਮਣੇ ਲਿਆਉਂਦੀ ਹੈ। ਇਹਨਾਂ ਤਸਵੀਰਾਂ ਨਾਲ ਹੀ ਢੁਕਵੇਂ ਲਘੂ ਲੇਖ/ਕੈਪਸ਼ਨ ਸਾਡੇ ਮਿੱਤਰ ਪ੍ਰਸਿੱਧ ਸ਼ਾਇਰ ਗੁਰਭਜਨ ਗਿੱਲ ਨੇ ਲਿਖੇ ਹਨ। ਇਹ ਤਸਵੀਰਾਂ, ਲੇਖ ਅਜੀਤ ਅਖਬਾਰ ਵਿਚ ਵੀ ਲਗਾਤਾਰ ਛਪਦੇ ਰਹੇ ਹਨ ਅਤੇ ਹੁਣ ਇਹ ਪੁਸਤਕ ਰੂਪ ਵਿਚ ਸੰਭਾਲ ਲਏ ਗਏ ਹਨ। ਕੈਮਰੇ ਦੀ ਅੱਖ ਬੋਲਦੀ ਪੁਸਤਕ ਦਾ ਹਰ ਲੇਖ ਤੇ ਤਸਵੀਰ ਸਮਾਜ ਦੀ ਅੱਖ ਖੋਲਦਾ ਹੈ। ਹਥਲਾ ਲੇਖ ਸਬੂਤ ਵਜੋਂ ਪੇਸ਼ ਹੈ। ਕਾਸ਼ ਸਾਡਾ ਸਮਾਜ ਵੇਖਣ ਪੜ੍ਹਣ ਤੇ ਸਮਝਣ ਉਪਰੰਤ ਅਮਲ ਕਰਨ ਦੇ ਯੋਗ ਹੋਵੇ।

—ਸੰਪਾਦਕ

ਪੰਜਾਬ ਦੇ ਲੋਕ ਸੰਗੀਤ ਦੀਆਂ ਖ਼ੂਬਸੂਰਤੀਆਂ ਵਿਚੋਂ ਪ੍ਰਮੁੱਖ ਸਹਿਜ ਧੁਨ ਹੈ। ਇਸ ਸਹਿਜ ਧੁਨ ਨੂੰ ਮਾਨਣ ਲਈ ਕਈ ਵਾਰ ਆਪਣੇ ਸਾਹਾਂ ਦੀ ਆਹਟ ਵੀ ਖਲਬਲੀ ਮਚਾਉਂਦੀ ਹੈ। ਚੁੱਪ ਦੀ ਆਵਾਜ਼ ਨੂੰ ਸੁਣ ਕੇ ਹੀ ਅਸੀਂ ਇਸ ਸਹਿਜ ਧੁਨ ਦੇ ਲੁਤਫ਼ ਤੋਂ ਵਾਕਫ਼ ਹੋ ਸਕਦੇ ਹਾਂ। ਸਾਡੇ ਵਿਰਸੇ ਵਿਚ ਸਨਮਾਨ ਯੋਗ 'ਅਨਹਦ ਨਾਦ' (Un Struck Melody) ਵਜੋਂ ਵੱਜਦਾ ਹੈ ਤਾਂ ਵਜਦ ਵਿਚ ਆ ਕੇ ਸਮੁੱਚਾ ਤਨ ਮਨ ਗੜੂੰਦਿਆ ਜਾਂਦਾ ਹੈ। ਪਰ ਵਰਤਮਾਨ ਸਮਿਆਂ ਦੇ ਸੰਗੀਤ ਵਿਚ ਆ ਵੜੇ ਢੋਲ-ਢਮੱਕੇ ਨੇ ਜ਼ਿੰਦਗੀ ਦੇ ਹਰ ਮਾਨਣਯੋਗ ਪਲ ਵਿਚ 'ਸ਼ੋਰ' ਭਰ ਦਿੱਤਾ ਹੈ, ਵਿਚਾਰਾ ਸੰਗੀਤ ਲੁਕਦਾ ਫਿਰਦਾ ਹੈ। ਅਕਲਾਂ ਵਾਲਿਓ! ਸੰਗੀਤ ਨੂੰ ਸ਼ੋਰ ਤੋਂ ਬਚਾਓ!

ਗੁਰਬਾਣੀ ਸੰਗੀਤ ਵਿਚ ਇਸੇ ਚੰਚਲ ਘੋੜੇ ਦੇ ਅੱਥਰੇਪਨ ਨੂੰ ਮਾਰਨ ਲਈ ਵਿਧੀਆਂ ਅਤੇ ਢੰਗ ਮੌਜੂਦ ਹਨ। ਇਕੱਤੀ ਸ਼ੁੱਧ ਰਾਗ, ਕੁਝ ਮਿਸ਼ਰਤ ਰਾਗ ਅਤੇ ਕੁਝ ਲੋਕ-ਪ੍ਰਵਾਨਤ ਗਾਇਨ ਸ਼ੈਲੀਆਂ। ਯੂਰਪ ਦੇ ਸਿਆਣੇ ਲੋਕ ਤਾਂ ਸਾਡੇ ਸੰਗੀਤ ਵਿਚਲੇ ਸਹਿਜ ਨੂੰ ਅਪਣਾ ਰਹੇ ਹਨ, ਪਰ ਅਸੀਂ ਯੂਰਪ ਦੇ ਘਸੇ ਪਿਟੇ ਅੰਦਾਜ਼ ਨੂੰ ਹੁੱਬ ਕੇ ਅਪਣਾ ਰਹੇ ਹਾਂ। ਪਹਿਲਾਂ-ਪਹਿਲ ਸੰਗੀਤ ਸੁਣ ਕੇ ਠੰਢ ਪੈਂਦੀ ਸੀ, ਹੁਣ ਪਿੰਡਾ ਮੱਚਦਾ ਹੈ, ਕੰਨ ਉੱਬਲਦੇ ਹਨ। ਬਾਹਰ ਭੱਜਣ ਨੂੰ ਜੀਅ ਕਰਦਾ ਹੈ। ਯੂਰਪ ਦੇ ਲੋਕ ਸਾਡੇ ਸੰਗੀਤ ਵੱਲ ਆ ਰਹੇ ਨੇ ਤੇ ਅਸੀਂ ਉਨ੍ਹਾਂ ਦਾ 'ਉਤਾਰ' ਪਹਿਨ ਕੇ ਹੀ ਟੌਅਰ ਕੱਢੀ ਫਿਰਦੇ ਹਾਂ, ਰੈਗਜ਼ ਦੇ ਓਵਰ-ਕੋਟ ਵਾਂਗ।

ਪਹਿਲਾਂ-ਪਹਿਲ ਇਹ ਆਵਾਜ਼-ਪ੍ਰਦੂਸ਼ਣ ਕੇਵਲ ਵਿਆਹ-ਸ਼ਾਦੀ ਮੌਕੇ ਘੰਟਾ ਦੋ ਘੰਟੇ ਹੀ ਹੁੰਦਾ ਸੀ, ਲੋਕ ਜਰ ਲੈਂਦੇ ਸਨ, ਪਰ ਹੁਣ ਤਾਂ ਅੱਤ ਹੋ ਗਈ ਹੈ। ਵਿਆਹ ਹੋਵੇ ਜਾਂ ਮੰਗਣੀ, ਧਾਰਮਿਕ ਪਾਠ ਹੋਵੇ ਜਾਂ ਨਾਮਕਰਨ ਸਮਾਰੋਹ, ਉੱਚੀ ਆਵਾਜ਼ ਵਿਚ ਲਾਊਡ ਸਪੀਕਰ ਰਾਹੀਂ ਪੂਰੇ ਪਿੰਡ ਜਾਂ ਮੁਹੱਲੇ ਨੂੰ ਸੁਣਾਉਣਾ ਫ਼ੈਸ਼ਨ ਹੀ ਬਣ ਗਿਆ ਹੈ। ਉੱਚ-ਬਿਜਲਈ ਸਮੱਰਥਾ ਵਾਲੇ ਸਪੀਕਰ ਅਜਿਹੀ ਧਮਕ ਪੈਦਾ ਕਰਦੇ ਹਨ ਕਿ ਕੰਨਾਂ ਦੇ ਪਰਦੇ ਪਾਟਣ-ਪਾਟਣ ਕਰਦੇ ਹਨ।

ਆਪਣੀ ਛਾਤੀ 'ਤੇ ਹੱਥ ਰੱਖ ਕੇ ਦੱਸੋ—ਕਿਸੇ ਵਿਆਹ ਸ਼ਾਦੀ 'ਤੇ ਜਾ ਕੇ ਤੁਸੀਂ ਕਦੇ ਵਿਆਹ ਮੌਕੇ ਪੇਸ਼ ਹੋ ਰਹੇ ਸੰਗੀਤ ਦਾ ਆਨੰਦ ਮਾਣਿਆ ਹੈ? ਮੈਂ ਤਾਂ ਹਮੇਸ਼ਾ ਸਜ਼ਾ ਹੀ ਕੱਟੀ ਹੈ। ਲੱਖ ਤਰਲੇ ਕਰੋ ਕਿ ਆਵਾਜ਼ ਹੌਲੀ ਕਰ ਦਿਓ ਪਰ ਸਾਜ਼ਿੰਦੇ ਅਤੇ ਗਵੱਈਆ ਫੇਰ ਟੁੱਟੀ ਮਰੋੜ ਕੇ ਕੰਨਾਂ ਦੇ ਕੀੜੇ ਕੱਢਣ ਤੀਕ ਜਾਂਦਾ ਹੈ। ਕਹਿੰਦੇ ਹੁੰਦੇ ਨੇ 'ਗਾਇਕ ਭਰਾਓ! ਸੀ.ਆਈ.ਏ. ਸਟਾਫ ਵਾਲੇ ਪੁਲਿਸ ਕਰਮੀ ਵੀ ਮੁਜਰਿਮ ਨੂੰ ਕੁੱਟਦੇ-ਕੁੱਟਦੇ ਉਦੋਂ ਹਟ ਜਾਂਦੇ ਨੇ ਜਦੋਂ ਮੁਜਰਿਮ ਬੋਲ ਪੈਂਦਾ ਹੈ, ਪਰ ਤੁਹਾਡੇ ਸਾਜ਼ਿੰਦੇ ਤਾਂ ਹਟਦੇ ਹੀ ਨਹੀਂ, ਇਹ ਤਾਂ ਤੁਹਾਡੇ ਗਾਉਣ ਵੇਲੇ ਵੀ ਸਾਜ਼ ਕੁੱਟੀ ਜਾਂਦੇ ਨੇ। ਇਨ੍ਹਾਂ ਨੂੰ ਕਹੋ, ਸਾਡੇ 'ਤੇ ਰਹਿਮ ਕਰੋ।' ਸ਼ਫ਼ਕਤ ਅਲੀ ਖ਼ਾਨ ਜਦੋਂ ਮੰਚ 'ਤੇ ਨਿੱਠ ਕੇ ਬੈਠਾ ਅਲਾਪ ਲੈਂਦਾ ਹੈ ਤਾਂ ਹਵਾ ਵੀ ਰੁਕ ਕੇ, ਕੰਨ ਖੋਲ੍ਹ ਕੇ ਸੁਣਦੀ ਹੈ। ਅਮਰਜੀਤ ਗੁਰਦਾਸਪੁਰੀ, ਸਾਈਂ ਮੁਸ਼ਤਾਕ, ਆਸਾ ਸਿੰਘ ਮਸਤਾਨਾ ਦੀ ਗਾਈ ਹੀਰ ਵਿਚੋਂ ਤੁਸੀਂ ਹੀਰ ਦੇ ਹਟਕੋਰੇ ਮਹਿਸੂਸ ਕਰ ਸਕਦੇ ਹੋ ਪਰ ਢੋਲ, ਦੋ ਢੋਲਕੀਆਂ ਚਾਂਗੋ-ਕਾਂਗੋ, ਤਬਲਾ, ਖੰਜਰੀ ਅਤੇ ਬਿਜਲਈ ਯੰਤਰਾਂ ਵਿਚੋਂ ਨਿਕਲਦੇ ਤਾਲਾਂ ਵਿਚੋਂ ਤੁਸੀਂ ਕੋਈ ਵਾਕੰਸ਼ ਪਛਾਣ ਕੇ ਦੱਸੋ! ਇੰਜ ਲੱਗਦਾ ਹੈ ਜਿਵੇਂ ਸਾਰੇ ਗਾਇਕ ਇਕੋ ਗੀਤ ਹੀ ਗਾ ਰਹੇ ਹਨ। ਅਸਲ ਵਿਚ ਸਾਨੂੰ ਬੋਲ ਨਹੀਂ, ਸ਼ੋਰ ਸੁਣਨ ਦੀ ਆਦਤ ਪੈ ਗਈ ਹੈ ਅਤੇ ਅਸੀਂ ਇਸ ਆਦਤ ਦੇ ਗ਼ੁਲਾਮ ਬਣ ਕੇ ਆਪਣੇ-ਆਪ ਨੂੰ ਬੈਠਣ ਦੀ ਥਾਂ ਖੜ੍ਹੇ ਹੋ ਕੇ ਕਦਮ ਤਾਲ ਕਰਦਿਆਂ ਹਿੱਲੀ ਜਾਣ ਦੀ ਆਦਤ ਪਾ ਲਈ ਹੈ।

ਆਵਾਜ਼ ਤੇ ਸੱਭਿਆਚਾਰ ਪ੍ਰਦੂਸ਼ਣ ਦੇ ਖਿਲਾਫ ਸੱਭਿਆਚਾਰਕ ਸੰਸਥਾਵਾਂ, ਧਾਰਮਿਕ ਸੰਸਥਾਵਾਂ ਨੂੰ ਜੂਝਣ ਦੀ ਜ਼ਰੂਰਤ ਹੈ। ਵਿਆਹ-ਸ਼ਾਦੀ ਮੌਕੇ ਵੱਜਦੇ ਬੈਂਡ ਵਾਜੇ, ਧਾਰਮਿਕ ਅਸਥਾਨਾਂ, ਜਗਰਾਤਿਆਂ ਦੇ ਲਾਊਡ ਸਪੀਕਰ ਸਿਰਫ਼ ਪੜ੍ਹਨ ਵਾਲੇ ਬੱਚਿਆਂ, ਬੀਮਾਰਾਂ ਅਤੇ ਬਿਰਧਾਂ ਦੀ ਨੀਂਦ ਹਰਾਮ ਨਹੀਂ ਕਰਦੇ ਸਗੋਂ ਸਮੁੱਚੇ ਸਮਾਜਿਕ ਢਾਂਚੇ ਵਿਚ ਹੀ ਬੇਚੈਨੀ ਭਰਦੇ ਹਨ। ਇਹੋ ਨਾਹਰਾ ਬੁਲੰਦ ਕਰੋ-

*ਬੰਦ ਕਰੋ ਇਹ ਢੋਲ ਢਮੱਕੇ*<br>*ਸੁਣ ਸੁਣ ਕੇ ਅਸੀਂ ਡਾਢੇ ਅੱਕੇ*

❖❖❖



Sri Satguru Jagjit Singh Ji eLibrary NamdhariElibrary@gmail.com

Gram : 'SNIPER' Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

**MODERN GUN WORKS**

OPP. INDUSTRIAL ESTATE,
JAMMU CANTT.



Sri Satguru Jagjit Singh Ji eLibrary NamdhariElibrary@gmail.com

## ਦੋ ਗ਼ਜ਼ਲਾਂ

*—ਸੁਵਰਨ ਸਿੰਘ ਵਿਰਕ*

ਰੋਜ਼ ਦਰਦ ਦਾ ਸਾਗਰ ਤਰਨਾ ਪੈਂਦਾ ਹੈ।
ਸੌ ਸੌ ਵਾਰ ਜਿਊਣਾ ਮਰਨਾ ਪੈਂਦਾ ਹੈ।

ਰਹਿਬਰ ਤੇ ਰਾਹਜ਼ਨ ਵਿਚ ਬਹੁਤ ਫਰਕ ਨਹੀਂ
ਦੋਹਾਂ ਤੇ ਇਤਬਾਰ ਹੀ ਕਰਨਾ ਪੈਂਦਾ ਹੈ।

ਨੱਕ ਤੇ ਮੱਖੀ ਕਦੇ ਬਹਿਣ ਨਾ ਦਿੱਤੀ ਸੀ,
ਤੇਰੀ ਖਾਤਰ ਸਭ ਕੁਝ ਜਰਨਾ ਪੈਂਦਾ ਹੈ।

ਏਸ ਦੇਸ ਦਸਤੂਰ ਨਿਰਾਲੇ ਵੇਖੇ ਨੇ,
ਜੋ ਨਹੀਂ ਲਿਆ ਉਹ ਕਰਜ਼ਾ ਭਰਨਾ ਪੈਂਦਾ ਹੈ।

ਝੂਠ ਬੁਲਾਉਂਦਾ ਫਿਰਦਾ ਬੱਕਰੇ ਵੇਖ ਲਿਆ,
ਸੱਚੇ ਤਾਈਂ ਪਲ ਪਲ ਡਰਨਾ ਪੈਂਦਾ ਹੈ।

ਤੈਨੂੰ ਤੇਰਾ ਸੱਚ ਢੂੰਡਣ ਲਈ ਕਾਫੀ ਏ,
ਹਰ ਈਸਾ ਨੂੰ ਸੂਲੀ ਚੜ੍ਹਨਾ ਪੈਂਦਾ ਹੈ।

ਅਤੀ ਵਿਸ਼ਿਸ਼ਟ ਮੁਸਾਫਰ ਰਸਤਾ ਭੁੱਲੇ ਨਾਂ,
ਮੋੜ ਮੋੜ ਤੇ ਤਾਂ ਹੀ ਖੜ੍ਹਨਾ ਪੈਂਦਾ ਹੈ

ਖੋਟ ਕੱਢਣ ਲਈ ਸੋਨੇ ਵਰਗੇ ਯਾਰਾਂ ਨੂੰ,
ਅੰਗਿਆਰਾਂ ਦੇ ਉਤੇ ਧਰਨਾ ਪੈਂਦਾ ਹੈ।

(੨)

ਪੱਤ-ਵਿਹੂਣੇ ਰੁੱਖਾਂ ਵਰਗਾ ਕੀ ਹੈ ਜੀਵਨ ਤੇਰਾ।
ਤੁਰ ਜਾਵੇਂਗਾ ਤੂੰ ਵੀ ਏਥੋਂ ਕਰਕੇ ਰੈਣ ਬਸੇਰਾ।

ਏਸੇ ਡਰ ਵਿਚ ਨੇਰ੍ਹੇ ਦੀ ਸਰਦਾਰੀ ਚੱਲੀ ਜਾਵੇ,
ਬਹੁਤੇ ਲੋਕੀਂ ਸਮਝਣ ਹਾਲੇ ਹੋਣਾ ਨਹੀਂ ਸਵੇਰਾ।

ਅਰਜ਼ਾਂ ਤੇ ਫਰਿਆਦਾਂ ਦੀ ਜੇ ਬੇਕਦਰੀ ਇਉਂ ਹੋਈ,
ਤੱਕੇਂਗਾ ਫਿਰ ਰੋਹ ਵਿਚ ਤਣਿਆ ਹੋਇਆ ਮੁੱਕਾ ਮੇਰਾ।

ਆਤਮ ਤੇ ਅਧਿਆਤਮ ਵੀ ਹੁਣ ਰਾਜਨੀਤੀ ਦੇ ਥੱਲੇ,
ਫਿਰ ਵੀ ਸਾਂਈ ਲੋਕ ਟਿਕੇ ਨੇ ਧੰਨ ਉਹਨਾਂ ਦਾ ਜੇਰਾ।

ਯਾਦ ਰੱਖੀ ਇਤਿਹਾਸ ਨੇ ਇਕ ਦਿਨ ਆਪਣਾ ਫਤਵਾ ਦੇਣਾ,
ਤੁਰ ਜਾਵੇਂਗਾ ਪਾ ਕੇ ਜਦ ਤੂੰ ਜੋਗੀ ਵਾਲਾ ਫੇਰਾ।

ਉੱਚੀਆਂ ਥਾਵਾਂ ਉਤੇ ਬੈਠਣ ਵਾਲੇ ਛੋਟੇ ਬੰਦੇ,
ਪਰਦੂਸ਼ਿਤ ਕਰਕੇ ਤੁਰ ਜਾਂਦੇ ਆਪਣਾ ਚਾਰ-ਚੁਫੇਰਾ।

ਯਾਰ ਤੇਰਾ ਬ੍ਰਹਿਮੰਡਾਂ ਦੇ ਹੈ ਭਾਵੇਂ ਚੱਕਰ ਕੱਟ ਰਿਹਾ
ਇਕ ਪੱਗ-ਡੰਡੀ ਤਾਈਂ ਚੇਤਾ ਭੁੱਲਿਆ ਅਜੇ ਨਾ ਤੇਰਾ।

ਪੂੰਜੀ ਦੇ ਜਿਸ ਚੱਕਰ ਵਿਊਹ ਵਿਚ ਫਾਹੁਣਾ ਚਾਹੇਂ ਸਾਨੂੰ,
ਕਿਰਤ ਸਾਡੀ ਦੇ ਅਭਿਮੰਨੂੰ ਨੇ ਤੋੜ ਦੇਣਾ ਉਹ ਘੇਰਾ

ਦੁਨੀਆਂ ਦੇ ਨਾਲ ਸਾਂਝ ਅਸਾਡੀ ਤਿੱਚਰ ਬਣੀ ਰਹੇਗੀ
ਜਦੋਂ ਤੀਕਰਾਂ ਵੱਸਦਾ ਰਹੇਗਾ ਸੱਜਣਾਂ ਦਾ ਉਹ ਡੇਰਾ

*—ਪਿੰਡ ਤੇ ਡਾਕ ਕਰੀਵਾਲਾ (ਸਿਰਸਾ)*

## ਗ਼ਜ਼ਲ

*—ਅਮਰੀਕ ਸਿੰਘ, ਐਲਨਾਬਾਦ*

ਲੋਕਾਂ ਵੇ ਨਾ ਰੌਲਾ ਪਾ।
ਮਾਹੀ ਮਿਲਨ ਦਾ ਚੜ੍ਹਿਆ ਚਾ।

ਸੁਪਨੇ ਸਭ ਸਾਕਾਰ ਹੋ ਜਾਣੇ,
ਜਦ ਗਲਵੱਕੜੀ ਪਾਈ ਧਾ।

ਪਿਆਰ ਸੱਜਣ ਦਾ ਅਸਲੀ ਸੋਨਾ,
ਜਿਸਦੇ ਗਹਿਣੇ ਲਏ ਘੜਾ।

ਉਹ ਚਾਨਣ ਦਾ ਦਾਇਮੀ ਸੋਮਾ,
ਪਲ ਵਿਚ ਨ੍ਹੇਰਾ ਦਵੇ ਵੰਜਾ।

ਯੂਸਫ਼ ਜਿਹਾ ਸੁਹੱਪਣ ਉਸਦਾ,
ਰੋਮ ਰੋਮ ਵਿਚ ਗਿਆ ਸਮਾ।

ਮਾਖਿਓਂ ਮਿੱਠੇ ਬੋਲ ਮਾਹੀ ਦੇ,
ਕੋਲ ਬਿਠਾ ਜਦ ਦਵੇ ਸੁਨਾ।

ਜਨਮ ਜਨਮ ਦੇ ਦੁੱਖੜੇ ਮਿਟਦੇ
ਉਸ ਦੇ ਕੋਲ ਜਾਂ ਬਹੀਏ ਜਾ।

ਧੰਨ ਹੈ ਜਿਸ ਅਮਰੀਕ ਜਿਹਾਂ ਨੂੰ,
ਗਲ ਦੇ ਨਾਲ ਲਿਆ ਹੈ ਲਾ।

*—ਅਨੁਪਮ ਪਬਲਿਕ ਸਕੂਲ*
*ਡੱਬਵਾਲੀ ਰੋਡ, ਐਲਨਾਬਾਦ*
*ਸਰਸਾ-ਹਰਿਆਣਾ*
੧੨੫੧੦੨



Sri Satguru Jagjit Singh Ji eLibrary NamdhariElibrary@gmail.com

ਸ਼ਿਵਨਾਥ ਦੀਆਂ ਦੋ ਕਵਿਤਾਵਾਂ

## ਸਿਲ੍ਹਾ ਬਾਲਣ

ਜਦ ਕਦੇ ਆਉਂਦਾ ਸੀ ਉਸਨੂੰ
ਮੇਰੇ ਬਾਪੂ ਦਾ ਖ਼ਿਆਲ
ਉੱਠ ਕੇ ਵਿਹੜੇ ਚੋਂ
ਜਾ ਬਹਿੰਦੀ ਸੀ ਉਹ ਚੁਲ੍ਹੇ ਦੇ ਨਾਲ।

ਉਂਜ ਮੈਂ ਤੱਕਿਆ ਨਹੀਂ
ਉਸਨੂੰ ਕਦੇ ਵੀ ਰੋਂਦਿਆਂ
ਨਾ ਬਹਾਨੇ ਤੋਂ ਬਿਨਾਂ
ਚਿਹਰੇ ਤੇ ਆਉਂਦਾ ਸੀ ਮਲਾਲ।
"ਐਂਤਰਾ ਬਾਲਣ ਇਹ ਸਿਲ੍ਹਾ
ਧੁਖਣ ਤੋਂ ਹਟਦਾ ਨਹੀਂ।"
ਪੂੰਝ ਕੇ ਹੰਝੂ ਉਹ ਅਕਸਰ
ਇਉਂ ਖਲਾਅ ਵਿਚ ਬੋਲਦੀ
ਕਰ ਰਹੀ ਹੋਵੇ ਜਿਵੇਂ
ਗੱਲਾਂ ਕਿਸੇ ਤੀਜੇ ਦੇ ਨਾਲ।

ਇਸ ਤਰ੍ਹਾਂ ਹੀ ਬੋਲਦੀ
ਤੇ ਪੂੰਝਦੇ ਰਹਿੰਦੀ ਉਹ ਅੱਖਾਂ
ਵੇਖਦੀ ਰਹਿੰਦੀ ਕਿ ਹੋ ਜਾਵਾਂ ਨਾ
ਮੈਂ ਕਿਧਰੇ ਉਦਾਸ।
ਸੋਚਦਾ ਹਾਂ ਮਾਂ ਮੇਰੀ ਦੇ
ਪੱਜ ਸਨ ਕਿੰਨੇ ਅਜੀਬ!
ਆਉਣ ਦਿੱਤਾ ਨਾ ਜਿਨ੍ਹਾਂ ਨੇ
ਸਹਿਮ ਨੂੰ ਸਾਡੇ ਕਰੀਬ!

ਕੌਣ ਵਰ੍ਹਿਆਂ ਤੀਕ ਆਪਣੇ
ਦਰਦ ਨੂੰ ਸਕਦੈ ਛੁਪਾ?
ਕੌਣ ਆਪਣੀ ਆਬਰੂ ਨੂੰ
ਇਸ ਤਰ੍ਹਾਂ ਸਕਦੈ ਸੰਭਾਲ?
ਤਕ ਰਿਹਾ ਹਾਂ ਕਲਪਨਾ ਅੰਦਰ
ਮੈਂ ਅੱਜ ਉਸ ਦੀ ਜਵਾਨੀ
ਢੇਰ ਚਿਰ ਪਿਛੋਂ ਕਿਤੇ
ਚਾਂਦੀ ਬਣਨ ਲੱਗੇ ਸੀ ਵਾਲ।

ਢੇਰ ਚਿਰ ਪਿਛੋਂ ਹਾਂ ਮੈਂ
ਅੱਜ ਪਿਗਲਿਆ
ਢੇਰ ਚਿਰ ਪਿਛੋਂ ਇਹ
ਆਇਆ ਹੈ ਖ਼ਿਆਲ,
ਮਾਂ ਨੇ ਸਾਨੂੰ ਕਿਸ ਤਰ੍ਹਾਂ
ਇੰਨਾ ਬਚਾ ਕੇ ਰੱਖਿਆ?
ਨਹੀਂ ਤਾਂ ਆ ਜਾਣਾ ਸੀ
ਸਾਡੇ ਬਚਪਣੇ ਅੰਦਰ ਭੁਚਾਲ।

## ਬਹਾਦਰ ਆਦਮੀ

ਇਉਂ ਲਗਦੈ ਦਵਾਪਰ ਵਿਚ
ਜਿਵੇਂ ਖੱਤਰੀ ਹੀ ਯੋਧੇ ਸਨ
ਕਿਸੇ ਵੀ ਹੋਰ ਜਾਤੀ ਦੇ
ਬਸ਼ਰ ਦਾ ਨਾਂ ਨਹੀਂ ਪੜ੍ਹਿਆ
ਸਿਵਾਏ ਏਕਲੱਵ ਦੇ ਜੋ
ਗੁਰੂ-ਦਰੋਣਾ ਨੇ ਠੱਗਿਆ ਸੀ
ਤੇ ਜਾਂ ਫ਼ਿਰ ਉਸ ਸਮੂਹ ਦਾ
ਜਿਸ ਤੋਂ ਅਰਜੁਨ ਹਾਰ ਕੇ ਮੁੜਿਆ।

ਕੋਈ ਉਹਨਾਂ 'ਚ ਵੀ ਹੋਵੇਗਾ
ਅਰਜੁਨ ਤੋਂ ਬੜਾ ਯੋਧਾ
ਨਹੀਂ ਤਾਂ ਕਿਸ ਤਰ੍ਹਾਂ ਉਹ
ਖੋਹ ਲਿਜਾਂਦੇ ਰਾਜ-ਵਿਧਵਾਵਾਂ?
ਤੇ ਕਿਉਂ ਆਇਆ ਨਹੀਂ
ਕਿਧਰੇ ਵੀ ਨਾਂ ਉਹਨਾਂ ਗੰਧਰਵਾਂ ਦਾ
ਜਿਨ੍ਹਾਂ ਬਲਵਾਨ ਦਰਯੋਧਨ ਨੂੰ ਵੀ
ਬੰਦੀ ਬਣਾਇਆ ਸੀ?
ਜਿਸਨੂੰ ਆਪ ਜਾ ਕੇ ਵੀ ਅਰਜੁਨ ਨੇ
ਛੁਡਾਇਆ ਸੀ
ਕਿਉਂ ਆਇਆ ਨਹੀਂ ਅੱਗੇ
ਕਦੇ ਕੋਈ ਵੀ ਨਾਗ-ਜਾਤੀ ਚੋਂ?
ਜਿਨ੍ਹਾਂ ਦੇ ਵਿਸ਼-ਬੁਝੇ ਤੀਰਾਂ ਤੋਂ
ਪਾਂਡਵ-ਦਲ ਤਰਹਿੰਦਾ ਸੀ
ਤੇ ਹਰ ਯੋਧਾ ਉਨ੍ਹਾਂ ਦੀ ਮਾਰ ਤੋਂ
ਕੁਝ ਦੂਰ ਰਹਿੰਦਾ ਸੀ।
ਸਿਰਫ਼ ਕੁਝ ਰਾਜਿਆਂ ਮਹਾਰਾਜਿਆਂ
ਦਾ ਜ਼ਿਕਰ ਆਉਂਦਾ ਹੈ
ਜਿਨ੍ਹਾਂ ਦੇ ਪ੍ਰਣ ਭੁਜਾ-ਬਲ ਦਾ
ਸਦਾ ਗੁਣ-ਗਾਣ ਹੁੰਦਾ ਹੈ

ਮੈਂ ਜੋ ਕੁਝ ਵੇਖਿਐ ਜਾਂ ਸਮਝਿਐ
ਇਸ ਦੌਰ ਵਿਚ ਆ ਕੇ
ਬਹਾਦਰ ਆਦਮੀ ਤਾਂ
ਆਮ ਲੋਕਾਂ ਚੋਂ ਵੀ ਹੁੰਦੇ ਸਨ।

ਕਿਉਂ ਹੈ ਚੁੱਪ ਉਹਨਾਂ ਯੋਧਿਆਂ
ਬਾਰੇ ਮਹਾ-ਭਾਰਤ?



Sri Satguru Jagjit Singh Ji eLibrary NamdhariElibrary@gmail.com

ਜਿਨ੍ਹਾਂ ਦੇ ਸਿਰ ਤੇ ਕਲਖੇਤਰ 'ਚ
ਉਹ ਘਮਸਾਨ ਮਚਿਆ ਸੀ
ਕਿ ਪ੍ਰਿਥਵੀ ਥਰਥਰਾ ਉੱਠੀ
ਸਿਰਫ ਕੁਝ ਰਾਜਿਆ-ਮਹਾਰਾਜਿਆਂ
ਦਾ ਜ਼ਿਕਰ ਆਉਂਦਾ ਹੈ
ਜਿਨ੍ਹਾਂ ਦੇ ਪ੍ਰਣ, ਭੁਜਾ-ਬਲ ਦਾ
ਸਦਾ ਗੁਣਗਾਣ ਹੁੰਦਾ ਹੈ
ਤੇ ਸੁਣ-ਸੁਣ ਕੇ ਸਾਧਾਰਨ ਆਦਮੀ
ਹੈਰਾਨ ਹੁੰਦਾ ਹੈ।

ਮੈਂ ਜੋ ਕੁਝ ਵੇਖਿਐ ਜਾਂ ਸਮਝਿਐ
ਇਸ ਦੌਰ ਵਿਚ ਆ ਕੇ
ਬਹਾਦਰ ਆਦਮੀ ਤਾਂ
ਆਮ ਲੋਕਾਂ ਚੋਂ ਵੀ ਹੁੰਦੇ ਸਨ।

## ਗ਼ਜ਼ਲ

*—ਅਮਰਜੀਤ ਸਿੰਘ ਸੰਧੂ*

ਐਨੇ ਕੋਮਲ ਕਰਮ ਦੀ, ਏਸ ਕਦਰ ਖੜਕਾਰ?
ਦੋ ਰੂਹਾਂ ਦੇ ਮਿਲਣ ਤੇ, ਖੜਕ ਪਈ ਤਲਵਾਰ।

ਲੋਕਾਂ ਦਾ ਹੁਣ ਚੱਲ ਪਿਐ, ਵਾਹਵਾ ਕਾਰੋਬਾਰ।
ਧੀਆਂ-ਪੁੱਤਰ ਜਿਨਸ ਨੇ, ਵਿਆਹ-ਸ਼ਾਦੀ ਵਿਉਪਾਰ।

ਕੱਛੀਆਂ ਪਾ ਕੇ ਨੱਚਣਾ, ਸੰਘੋਂ ਲਿਐ ਉਤਾਰ।
ਇਸ ਤੋਂ ਵੱਧ ਕੀ ਨਾਰ ਨੂੰ, ਦੇ ਦੇਈਏ ਅਧਿਕਾਰ?

ਹੁਣ ਨਹੀਂ ਡਰਦੇ ਓਸ ਤੋਂ, ਫ਼ਨ-ਹੀਣੇ ਫ਼ਨਕਾਰ।
ਸੰਧੂ ਬਣਦਾ ਜਾ ਰਿਹੈ, ਅਜ-ਕਲ੍ਹ ਦੁਨੀਆਂ ਦਾਰ।

'ਸੇਵਾ-ਪਾਣੀ' ਆਖਦੇ, ਅੱਜ ਰਿਸ਼ਵਤ ਨੂੰ ਲੋਕ,
ਭ੍ਰਿਸ਼ਟਾਚਾਰ ਵੀ ਹੋ ਗਿਐ, ਹੁਣ ਤਾਂ ਸ਼ਿਸ਼ਟਾਚਾਰ।

ਆਪੇ ਭਾਂਡੇ ਪੱਥਦੈ, ਆਪੇ ਦੇਵੇ ਤੋੜ,
ਰੱਬ ਵਰਗਾ ਨਹੀਂ ਵੇਖਿਆ, ਦੁਨੀਆਂ ਵਿਚ ਘੁਮਿਆਰ।

ਗੀਤ, ਗਜ਼ਲ, ਕਵਿਤਾ ਸਦਾ, ਦੇਵਣ ਦਿਲ ਨੂੰ ਨਿੱਘ,
ਲੇਕਿਨ ਭਾਂਬੜ ਅੱਗ ਦੇ, ਵੇਚ ਰਿਹੈ ਅਖ਼ਬਾਰ।

ਹਰ ਪਲ ਨਵੀਆਂ ਉਲਝਣਾਂ, ਦੇਂਦੇ ਮੇਰੇ ਲੋਕ,
ਨਾਲੇ ਆਖਣ, 'ਸੰਧੂਆ' ਪਾ ਨਾ ਦਿਲ ਤੇ ਭਾਰ।

*—੪੨੧-ਦਕੋਹਾ (ਜਲੰਧਰ)*

## ਭੁੱਖ

*—ਹਰਭਜਨ ਸਿੰਘ ਬਾਜਵਾ*

ਨਾ ਉਹ ਯਾਰ ਰਹੇ, ਨਾ ਉਹ ਪਿਆਰ ਰਹੇ।
ਜਿਨ੍ਹਾਂ ਨਾਲ ਹੱਸ ਖੇਡਕੇ ਗੁਜਾਰਿਆਂ ਸੀ ਸਮਾਂ।
ਕੁਛ ਮਰ ਗਏ, ਕੁਛ ਜਿਉਂਦੇ।
ਮਰਿਆ ਨੂੰ ਰੋ ਲਿਆ,
ਜਿਉਂਦਿਆਂ ਦੀ ਆਸ ਛੱਡ ਬੈਠੇ।
ਜਿਉਂਦੇ ਤਾਂ ਆਪਣੀ ਅੱਗ ਵਿਚ,
ਆਪ ਹੀ ਸੜ ਰਹੇ।
ਪਤਾ ਨਹੀ ਇਹ ਅੱਗ ਉਹਨਾਂ ਦੀ,
ਕਿੰਨਾਂ ਚਿਰ ਬੱਲਦੀ ਰਵੇਗੀ।
ਹੁਣ ਤਾਂ ਯਾਰਾਂ ਦੇ ਕਦਮਾਂ ਵਿਚੋਂ ਬੁਦਬੂ ਆਉਂਦੀ ਏ।
ਪਤਾ ਨਹੀਂ ਕਿਸ ਘਰ ਗੰਦ ਪਾਉਣ।
ਉਥੇ ਕੁੜੀਆਂ ਵੀ ਹੁੰਦੀਆਂ,
ਉਥੇ ਮੁੰਡੇ ਵੀ ਹੁੰਦੇ।
ਉਥੇ ਨਾ ਕੋਈ ਵੀਰ ਹੁੰਦਾ,
ਨਾ ਕੋਈ ਭੈਣ ਹੁੰਦੀ।
ਉਥੇ ਰਿਸ਼ਤਾ ਦੋਹਾਂ ਦੀ ਭੁੱਖ ਦਾ ਹੁੰਦਾ।
ਫੇਰ ਭੁੱਖ ਕਿਸ ਤਰ੍ਹਾਂ ਮਿੱਟ ਦੀ,
ਤੁਸੀਂ ਆਪ ਸਾਰੇ ਜਾਣ ਦੇ।

*ਬਾਜਵਾ ਫੋਟੋਜ਼*
*ਡਾਕ: ਪਾਲੀਟੈਕਨਿਕ, ਬਟਾਲਾ-੧੪੩੫੦੫*

---

## ਰੁਬਾਈਆਂ

*—ਨਵਰਾਹੀ ਘੁਗਿਆਣਵੀ)*

(੧)
ਸਵਦੇਸ਼ੀ ਦੀ ਲਹਿਰ ਜੋ ਪਹਿਲਾਂ, ਨਾਮਧੀਰੀਆਂ ਟੋਰੀ।
ਪਿੱਛੋਂ ਜਾ ਕੇ ਗਾਂਧੀ ਬੇਸ਼ੱਕ ਫੜ ਲਈ ਹੱਥ ਡੰਗੋਰੀ।
ਅਸਲੀਅਤ ਦੀ ਕਦਰ ਕਰਨ ਲਈ, ਚਾਹੀਦਾ ਦਿਲ-ਗੁਰਦਾ
ਨਵਰਾਹੀ ਹੱਕ ਸੱਚ ਤੋਂ ਟਲਣਾ, ਬੰਦੇ ਦੀ ਕਮਜ਼ੋਰੀ।

(੨)
ਬੀਰ ਬਹਾਦਰ ਅਣਖੀ ਯੋਧੇ ਦੇਸ਼ ਕੌਮ ਲਈ ਮਰਦੇ।
ਸੀਸ ਤਲੀ 'ਤੇ ਰੱਖ ਅਲਬੇਲੇ ਪੀੜ ਪਰਾਈ ਜਰਦੇ।
ਹਟਦੇ ਨਹੀਂ ਵਰਿਆਮ ਪਿਛਾਹਾਂ, ਘੜਦੇ ਨਹੀਂ ਬਹਾਨੇ
'ਨਵਰਾਹੀ' ਬਲਬੀਰ ਸੂਰਮੇ, ਹਰ ਭੈ-ਸਾਗਰ ਤਰਦੇ।

(੩)
ਦੇਸ਼ ਮੇਰੇ ਦੀ ਉੱਤਮ ਸਭਿੱਤਾ, ਸਭਿਆਚਾਰ ਸੁਹਾਣਾ।
ਗੱਲ ਕਰਨ ਦਾ ਸੁਘੜ ਸਲੀਕਾ, ਰਿਦਾ ਗੰਭੀਰ ਨਿਮਾਣਾ।
ਮਹਿਮਾਨਾਂ ਦੀ ਇੱਜ਼ਤ ਕਰਨਾ, ਧੀ ਭੈਣ ਦੀ ਰਾਖੀ
'ਨਵਰਾਹੀ' ਹਰ ਧਰਮ ਦਾ ਸੋਮਾ, ਸਭ ਲਈ ਸ਼ਾਂਤ ਟਿਕਾਣਾ।

*—੧੧/੫੯੬ ਮਨਜੀਤ ਇੰਦਰਪੁਰਾ*
*ਫਰੀਦਕੋਟ ੧੫੧੨੦੩*



Sri Satguru Jagjit Singh Ji eLibrary NamdhariElibrary@gmail.com

# ਲੀਡਰ

—ਬਲਬੀਰ ਸਿੰਘ ਢਿਲੋਂ ਚੰਡੀਗੜ੍ਹ

ਉਸ ਦੇਸ਼ ਦਾ ਰੱਬ ਹੀ ਰਾਖਾ, ਹੋਣ ਜਿਸਦੇ ਮਾੜੇ ਲੀਡਰ।
ਕੁਰਸੀ ਖਾਤਰ ਘਰ ਘਰ ਅੰਦਰ, ਪੌਂਦੇ ਫਿਰਨ ਪੁਆੜੇ ਲੀਡਰ।
ਕੌਡੇ ਰਾਖਸ਼ ਵਾਗੂੰ ਇਹਨਾਂ ਤਲ ਕੇ ਕਈ ਮਰਦਾਨੇ ਖਾਧੇ,
ਓਦੋਂ ਬਚਣਾ ਬੜਾ ਹੀ ਔਖਾ, ਖੋਹਲੇ ਜਦੋਂ ਜਬਾੜੇ ਲੀਡਰ।
ਚੋਪੜ ਚੋਪੜ ਗੱਲਾਂ ਕਰਕੇ, ਸਬਜ਼ ਬਾਗ ਵੀ ਖੂਬ ਵਿਖਾਂਦੇ,
ਸਾਈਆਂ ਕਿਤੇ ਵਧਾਈਆਂ ਕਿਧਰੇ, ਰੜੇ ਚਾੜ੍ਹ ਕੇ ਗਾੜੇ ਲੀਡਰ।
ਆਮ ਆਦਮੀ ਜਾਣ ਨਹੀਂ ਸਕਦਾ, ਇਨ੍ਹਾਂ ਦੀਆਂ ਚਾਲਾਂ ਚਤਰਾਈਆਂ,
ਮੂੰਹੋਂ ਮਿਠੀਆਂ ਗੱਲਾਂ ਕਰਦੇ, ਅੰਦਰੋਂ ਕਰਨ ਕਬਾੜੇ ਲੀਡਰ।
ਲੋਕੀਂ ਉਸ ਨੂੰ ਸੱਜਣ ਸਮਝਣ, ਸਜੱਣ ਠੱਗ ਤੋਂ ਵਧਕੇ ਐਪਰ,
ਸਜਣ ਮਿਤੱਰ ਕੋਈ ਨਾ ਬਖਸ਼ੇ, ਸਭ ਦੇ ਕੱਪੜੇ ਪਾੜੇ ਲੀਡਰ।
ਜੇ ਕੋਈ ਉਸ ਦਾ ਚਿਮਚਾ ਬਣ ਜਾਏ, ਉਹ ਜਨਤਾ ਨੂੰ ਖੁਲ੍ਹ ਕੇ ਲੁੱਟੇ,
ਜੇ ਕੋਈ ਉਸ ਨਾਲ ਮੱਥਾ ਲਾਵੇ, ਪੈਰਾਂ ਹੇਠ ਲਿਤਾੜੇ ਲੀਡਰ।
ਜੇ ਕਿਧਰੇ ਉਹ ਮੰਤਰੀ ਬਣ ਜਾਏ, ਚੇਅਰਮੈਨ ਜਾਂ ਬਣੇ ਸਕੱਤਰ,
ਫੇਰ ਨਾ ਕਰੇ ਲਿਹਾਜ ਕਿਸੇ ਦਾ, ਸ਼ੇਰਾਂ ਵਾਂਗ ਦਹਾੜੇ ਲੀਡਰ।
ਮਤਲਬ ਵੇਲੇ ਗਧੇ ਨੂੰ ਬਾਪੂ, ਕਹਿਣੋਂ ਵੀ ਸੰਕੋਚ ਨਾ ਕਰਦੇ,
ਘਰ ਘਰ ਜਾਕੇ ਵੋਟਾਂ ਮੰਗਦੇ, ਨਾਲੇ ਕੱਢਦੇ ਹਾੜੇ ਲੀਡਰ।
ਨੋਟ ਵੋਟ ਦੇ ਮੁਫਤ ਜਿਨ੍ਹਾਂ ਨੇ, ਭੇਜਿਆ ਜਿਸ ਨੂੰ ਸੰਸਦ ਅੰਦਰ,
ਉਹਨੂੰ ਜੇਕਰ ਕੰਮ ਕੋਈ ਆਖੋ, ਮੰਗੇ ਦੂਣੇ ਭਾੜੇ ਲੀਡਰ।
ਆਪਣੇ ਪਾਪ ਲੁਕਾਵਨ ਖਾਤਰ, ਕਈਆਂ ਵੱਖਰੇ ਭੇਸ ਬਨਾਏ,
ਬਿਨ ਮੁੱਛਾਂ ਕੁਝ ਮੁੱਛਾਂ ਵਾਲੇ, ਕੁਝ ਨੇ ਲੰਮੇ ਦਾਹੜੇ ਲੀਡਰ।
ਲੁੱਟਣ ਦੇ ਢੰਗ ਵਖੋ ਵੱਖਰੇ, ਦੋਹੀਂ ਹੱਥੀਂ ਜਨਤਾ ਲੁੱਟਣ,
ਚੋਗਾ ਪਾ ਕੇ ਜਾਲ ਵਿਛਾ ਕੇ, ਲੁੱਟਣ ਲਾ ਅਖਾੜੇ ਲੀਡਰ।
ਕੋਈ ਮਰੇ ਜਾਂ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ,
ਢੱਠੇ ਖੂਹ ਵਿਚ ਡਿਗਣ ਸਭੇ, ਸੌਂਦੇ ਮਾਰ ਘੁਰਾੜੇ ਲੀਡਰ।
ਜੇ ਮਜ਼ਦੂਰਾਂ ਡੰਡੇ ਚੁੱਕੇ, ਜੇ ਕਿਰਸਾਨਾਂ ਕਰੀ ਬਗਾਵਤ,
ਜੇ ਜੱਟਾਂ ਨੇ ਜੰਘੀ ਨੱਪੀ, ਜਾਵਣਗੇ ਮਤਰਾੜੇ ਲੀਡਰ।
ਦੇਸ਼ ਕੌਮ ਦੀ ਹੋਊ ਬਦਨਾਮੀ, ਇੱਜ਼ਤ ਮਿੱਟੀ ਮਿਲ ਜਾਵੇਗੀ,.
ਸੜਕਾਂ ਉਤੇ ਨੰਗਿਆਂ ਕਰਕੇ, ਲੋਕਾਂ ਜਦੋਂ ਛਿਤਰਾੜੇ ਲੀਡਰ।
ਕੁਰਸੀ ਖ਼ਾਤਰ ਸਭ ਕੁਝ ਕਰਦੇ, ਛਿਤਰਾਂ ਤੋਂ ਵੀ ਇਹ ਨਾ ਡਰਦੇ,
ਸ਼ਰਮ ਧਰਮ ਹੈ ਘੋਲ ਕੇ ਪੀਤੀ, ਹੁੰਦੇ ਬੜੇ ਕਰਾੜੇ ਲੀਡਰ।
ਜੇ ਜਨਤਾ ਨੇ ਚੁੱਕੇ ਪੱਥਰ, ਫੇਰ ਕਿਸੇ ਨੇ ਰੋਕ ਨਹੀਂ ਸਕਣਾ,
ਜੱਦ ਲੋਕਾਂ ਨੇ ਕੱਠਿਆਂ ਹੋ ਕੇ, ਬੇਰਾਂ ਵਾਂਗਰ ਝਾੜੇ ਲੀਡਰ।
ਲੋਕ ਲਹਿਰ ਤੁਫਾਨ ਬਣੀ ਜੇ, ਕੌਣ ਕਰੇਗਾ ਸ਼ਾਂਤ ਏਸ ਨੂੰ,
ਇਸ ਦੇ ਵਾ ਵਰੋਲਿਆਂ ਜੇਕਰ, ਮੁਢੋਂ ਪਕੜ ਉਖਾੜੇ ਲੀਡਰ।
ਵੇਖ ਇਹਨਾਂ ਦੇ ਕਾਲੇ ਕਾਰੇ, ਸਬਰ ਪਿਆਲਾ ਟੁੱਟ ਜਾਣਾ ਏਂ,
ਗੁੱਸਾ ਅੱਗ ਦੇ ਭਾਂਬੜੇ ਬਣਕੇ, ਵਾਂਗ ਮਸੰਦਾਂ ਸਾੜੇ ਲੀਡਰ।
ਚੋਰਾਂ ਦੇ ਫਿਰ ਸੌ ਦਿਨ ਪਿਛੋਂ, ਸਾਧਾਂ ਦਾ ਵੀ ਇਕ ਦਿਨ ਆਉਣੈਂ,
ਜਿਸ ਦਿਨ ਘੇਰ ਕੇ ਭੇਡਾਂ ਵਾਂਗੂ, ਸੀਖਾਂ ਪਿੱਛੇ ਤਾੜੇ ਲੀਡਰ।



Sri Satguru Jagjit Singh Ji eLibrary NamdhariElibrary@gmail.com

# ਗੁਰੂ ਘਰ ਦੇ ਸੇਵਕ ਭਾਈ ਦਿੱਤ ਚਾਨਾ

-ਦੇਵਿੰਦਰ ਸਿੰਘ ਗਿਲ (ਜੀਆ ਨੱਥਾ)

ਸਰਬੰਸ ਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਲੀਲ੍ਹਾ ਇਕ ਬਚਿਤਰ ਨਾਟਕ ਹੀ ਸੀ, ਉਹਨਾਂ ਦਾ ਮਿਸ਼ਨ ਸਮੂਚੀ ਮਾਨਵਤਾ ਨੂੰ ਸਮਰਪਿਤ ਸੀ, ਇਹੋ ਕਾਰਨ ਹੈ ਕਿ ਉਹਨਾਂ ਦੇ ਸਿਖ ਸੇਵਕ ਹਰ ਕੌਮ ਅਤੇ ਸਮਾਜ ਦੇ ਹਰ ਵਰਗ ਨਾਲ ਸੰਬੰਧਤ ਸਨ, ਉਹ ਕਲਮ ਦੇ ਧਨੀ ਅਤੇ ਧਰਮ ਯੁਧ ਲਈ ਆਪਾ ਵਾਰਨ ਵਾਲੇ ਸੰਤ ਸਿਪਾਹੀ ਸਨ। ਰਾਮਗੜ੍ਹੀਆ ਸਮਾਜ ਦੇ ਅਨੇਕ ਗੁਰਸਿਖਾਂ ਨੇ ਸਤਿਗੁਰਾਂ ਦੀ ਔਖੇ ਸਮੇਂ ਸੇਵਾ ਕੀਤੀ ਅਤੇ ਸਹਾਇਤਾ ਕਰਨ ਸਮੇਂ, ਮੁਗ਼ਲ ਹਕੂਮਤ ਦੀ ਕਰੋਪੀ ਦੀ ਵੀ ਕੋਈ ਪ੍ਰਵਾਹ ਨਾ ਕੀਤੀ।

੧੭੦੫ ਈਸਵੀ ਵਿਚ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਗਭਗ ਨੌਂ ਮਹੀਨਿਆਂ ਦੀ ਜੰਗ ਤੋਂ ਬਾਅਦ ਅਨੰਦਪੁਰ ਸਾਹਿਬ ਛਡਿਆ ਤਾਂ ਮੁਗ਼ਲ ਹਕੂਮਤ ਨੇ ਪਿਛਿਓਂ ਹਮਲਾ ਕੀਤਾ ਤਾਂ ਅਨੇਕ ਸਿੰਘਾਂ ਨੇ ਸ਼ਹੀਦੀਆਂ ਪਾਈਆਂ। ਸਰਸਾ ਨਦੀ ਦੇ ਕੰਢੇ ਸਾਰੇ ਸਿੱਖ ਏਧਰ ਓਧਰ ਹੋ ਗਏ, ਕੁਝ ਰਾਹ ਭੁਲ ਗਏ ਅਤੇ ਜੋ ਅਨੰਦਪੁਰ ਸਾਹਿਬ ਵਿਚ ਸਤਿਗੁਰਾਂ ਨੇ ਸਾਹਿਤ ਰਚਿਆ ਸੀ ਅਤੇ ਹਜੂਰੀ ਕਵੀਆਂ ਕੋਲੋਂ ਰਚਵਾਇਆ ਸੀ, ਉਹ ਸਾਰਾ ਹੀ ਸਰਸਾ ਨਦੀ ਦੇ ਵਹਿਣ ਵਿਚ ਰੁੜ੍ਹ ਗਿਆ। ਉਸ ਦਰਦਨਾਕ ਸਮੇਂ ਦੇ ਹਾਲ ਗਿਆਨੀ ਗਿਆਨ ਸਿੰਘ ਜੀ ਗ੍ਰੰਥ " ਸ੍ਰੀ ਗੁਰ ਪੰਥ ਪ੍ਰਕਾਸ਼" ਵਿਚ ਇਸ ਪ੍ਰਕਾਰ ਲਿਖਦੇ ਹਨ—

ਸਾਰ ਭਈ ਸੱਤ੍ਰਨ ਕੋ ਜਬਿ ਹੀ। ਕਰੀ ਅਹਿਦ ਸ਼ਿਕਨੀ ਉਨਿ ਤਬਿ ਹੀ॥
ਬੇਈਮਾਨ ਸੈਨ ਬਹੁ ਲੈ ਕੈ। ਪਰੇ ਆਇ ਗੁਰੁ ਦਲ ਪਰ ਧੈ ਕੇ॥ ੮੯ ॥
ਤਬਿ ਸਤਿਗੁਰੁ ਨਿਜ ਧੀਰਜ ਧਰਿ ਕੈ, ਸਾਵਧਾਨ ਨਿਜ ਦਲ ਕੋ ਕਰਿ ਕੈ।
ਨਿਜ ਵਹੀਰ ਕੌ ਕਰਿ ਕੈ ਆਗੇ। ਆਪ ਮਾਰਿਨ ਸੋ ਲਰਨੇ ਲਾਗੇ॥ ੯੦॥
ਯਾ ਬਿਧਿ ਮਗ ਮੈਂ ਕਰਤ ਲਗਾਈ। ਕਿਤਿਕ ਕੋਸ ਗੁਰੁ ਗਏ ਤਦਾਂਈ।।
ਦਿਨ ਕਰ ਅਥਯੋ ਆਈ ਨਿਸ ਕਾਰੀ, ਆਗੇ ਚਢਯੋ ਦਰਯਾਓ ਅਪਾਰੀ॥ ੯੧॥
ਸਰਸਾ ਨਾਮ ਆਹਿ ਜੋ ਨਦੀ। ਚਢੀ ਅਧਿਕ ਲੈਬੇ ਹਿਤ ਬਦੀ।।
ਪਾਛੇ ਤੇ ਅਰਿ ਦਲ ਬਲ ਕੈ ਕੈ। ਆਨ ਪਰਯੋ ਇਕ ਬਾਰਹਿ ਧੈ ਕੈ॥ ੯੨ ॥
ਕਠਿਨ ਬਨਾਉ ਬਨਿਓ ਤਬਿ ਆਈ। ਮੁਸ਼ਕਲ ਗੁਰੁ ਸਿਖਨ ਕੈ ਤਾਈਂ॥
ਬਿਪਤਾ ਮਾਹਿ ਬਿਪਤੀ ਔਰੈ। ਪਰੀ ਆਇ ਅਤਿਸੈ ਤਿਸ ਠੌਰੈਂ॥ ੯੩॥
ਮੁਲਕਾ ਤੀਰ ਤਜਨ ਸਭਿ ਲਾਗੇ। ਤਿਸ ਦਿਸ ਤੁਰਕ ਬਢੇ ਨਹਿ ਆਗੇ॥
ਹੁਤੋ ਵਹੀਰ ਜਹਾਂ ਗੁਰੁ ਕੇਰਾ। ਪਰੇ ਤਹਾਂ ਦੈ ਜੋਰ ਵਧੇਰਾ॥ ੧੦੦ ॥
ਬਿਚਲ ਗਯੋ ਦਲ ਸਿੰਘਨ ਕੇਰਾ। ਭਾਜਰ ਪਰੀ ਤਹਾਂ ਬਿਨੁ ਦੇਰਾ।।
ਪਾਛੇ ਚਟੇ ਸਿੰਘ ਤਬਿ ਜੇਤੇ। ਲੂਟ ਕੂਟ ਤੁਰਕਨ ਲਿਯ ਤੇਤੇ ॥ ੧੦੧॥
ਆਗੈ ਗਯੋ ਧਾਰ ਬਲ ਜੋਉ ॥ ਬਹਯੋ ਵੀਚ ਦਰਯਾਵਹਿ ਸੋਊ।
ਪਰੀ ਸਿੰਘਨ ਕੋ ਤਹਿ ਅਤਿ ਭੀਰਾ॥ ਕੋਊ ਨ ਦੇਤ ਕਿਸੈ ਕਿਛੁ ਧੀਰਾ॥ ੧੦੨॥

ਸਰਸਾ ਨਦੀ ਦੇ ਕੰਢੇ ਗੁਰੂ ਘਰ ਦਾ ਅਪਾਰ ਨੁਕਸਾਨ ਹੋਇਆ, ਅਨੇਕ ਸਿੰਘ ਉਥੇ ਦੁਸ਼ਮਣ ਨਾਲ ਲੋਹਾ ਲੈਂਦੇ ਹੋਏ ਸ਼ਹੀਦ ਹੋ ਗਏ, ਸਤਿਗੁਰੂ ਜੀ ਨੇ ਦੋਵੇਂ ਵਡੇ ਸਾਹਿਬਜ਼ਾਦਿਆਂ ਅਤੇ ਪ੍ਰਵਾਰ ਨਾਲ ਸਿੰਘਾਂ ਸਮੇਤ ਸਰਸਾ ਦਰਿਆ ਪਾਰ ਕੀਤਾ ਅਤੇ ਚਮਕੌਰ ਸਾਹਿਬ ਵਲ ਰੁਖ ਕੀਤਾ। ਦੋਵੇਂ ਵਡੇ ਸਾਹਿਬਜ਼ਾਦੇ ਅਤੇ ਗੁਰੂ ਗਿਣਤੀ ਦੇ ੪੦ ਸਿੰਘਾਂ ਨਾਲ ਚਮਕੌਰ ਸਾਹਿਬ ਪਹੁੰਚੇ। ਹੁਣ ਤਕ ਪਹਾੜੀ ਰਾਜਿਆਂ ਅਤੇ ਮੁਗਲ ਫੌਜਾਂ ਨੂੰ ਪਤਾ ਲਗ ਚੁਕਾ ਸੀ ਕਿ ਗੁਰੂ ਜੀ ਚਮਕੌਰ ਸਾਹਿਬ ਵਿਖੇ ਬਿਰਾਜ ਰਹੇ ਹਨ। ਅਕ੍ਰਿਤਘਣ ਪਹਾੜੀ ਰਾਜਿਆਂ ਨੇ ਫੌਜ ਦਾ ਸਾਥ ਦੇ ਚਮਕੌਰ ਸਾਹਿਬ ਪਹੁੰਚ ਗਏ, ਫਿਰ ਚਮਕੌਰ ਦੀ ਇਤਿਹਾਸਕ ਜੰਗ ਹੋਈ, ਅੰਦਰ ਗੜ੍ਹੀ ਵਿਚ ਗੁਰੂ ਜੀ ਨਾਲ ਲਗਭਗ ੪੦ ਸਿੰਘ ਹਾਜ਼ਰ ਸਨ। ਇਥੇ ਸਤਿਗੁਰੂ ਜੀ ਦਾ ਇਕ ਇਕ ਸਿੰਘ ਬੇਸ਼ੁਮਾਰ ਦੁਸ਼ਮਣਾਂ ਨਾਲ ਲੜ ਕੇ ਸ਼ਹੀਦੀਆਂ ਪਾ ਗਿਆ ਅਤੇ ਦੋਵੇਂ ਵਡੇ ਸਾਹਿਬਜਾਦੇ ਵੀ ਸ਼ਹੀਦ ਹੋ ਗਏ। ਗੁਰੂ ਜੀ ਸਿਖਾਂ ਦੇ ਵਾਰ ਵਾਰ ਕਹਿਣ ਤੇ ਰਾਤ ਦੇ ਹਨੇਰੇ ਵਿਚ ਮਾਛੀਵਾੜੇ ਵਲ ਨਿਕਲ ਗਏ।

ਸਤਿਗੁਰਾਂ ਦੇ ਸਿਰ ਤੇ ਤਾਜ ਸੀ, ਨਾ ਹੇਠ ਘੋੜਾ ਤੇ ਨਾ ਹੱਥ ਵਿਚ ਬਾਜ ਸੀ। ਆਪ ਜੀ ਨੰਗੇ ਪੈਰੀ ਮਾਛੀਵਾੜੇ ਦੀ ਜੂਹ ਵਿਚ ਪਹੁੰਚੇ ਅਤੇ ਜ਼ਮੀਨ ਤੇ ਬਿਰਾਜ ਕੇ ਰਾਤ ਕੱਟੀ ਅੰਮ੍ਰਿਤ ਸਮੇਂ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਜੋ ਪੰਜਾਂ ਪਿਆਰਿਆਂ ਵਿਚੋਂ ਸਨ, ਗੁਰੂ ਜੀ ਨੂੰ ਲਭਦੇ ਹੋਏ ਮਾਛੀਵਾੜੇ ਪਹੁੰਚ ਗਏ। ਜਿਥੋਂ ਫਿਰ ਸਤਿਗੁਰੂ ਜੀ ਗੁਲਾਬੇ ਮਸੰਦ ਦੇ ਘਰ ਚਲੇ ਗਏ ਅਤੇ ਦੋ ਮੁਸਲਮਾਨ ਭਰਾਵਾਂ ਗ਼ਨੀ ਖਾਂ ਅਤੇ ਮਨੀ ਖਾਂ ਨਾਲ ਸਾਲਾਹ ਕਰਕੇ ਉੱਚਦੇ ਪੀਰ ਦਾ ਭੇਸ ਬਣਾ ਕੇ ਪਲੰਘ ਤੇ ਬੈਠ ਕੇ ਕਟਾਣੇ ਵਲ ਚਲ ਪਏ, ਮੁਗ਼ਲ ਫੌਜ ਹਰਲ ਹਰਲ ਕਰਦੀ ਫਿਰਦੀ ਸਤਿਗੁਰਾਂ ਦੀ ਭਾਲ ਕਰ ਰਹੀ ਸੀ। ਗੁਰੂ ਜੀ ਉਚ ਦੇ ਪੀਰ ਦੇ ਰੂਪ ਵਿਚ ਕਟਾਣਾ, ਆਲਮਗੀਰ, ਜੋਧਾ ਪਿੰਡ ਤੋਂ ਹੁੰਦੇ ਹੋਏ ਮੋਹੀ ਪਿੰਡ ਜ਼ਿਲ੍ਹਾ ਲੁਧਿਆਣਾ ਪਹੁੰਚੇ।

ਕਈ ਦਿਨਾਂ ਦੀ ਨੱਸ ਭੱਜ ਅਤੇ ਬੇਆਰਾਮੀ ਕਾਰਨ ਸਤਿਗੁਰਾਂ ਦੇ ਹਥਾਂ ਦੀਆਂ ਨਸਾਂ ਬਹੁਤ ਫੁਲ ਗਈਆਂ ਸਨ।



Sri Satguru Jagjit Singh Ji eLibrary NamdhariElibrary@gmail.com

ਨਸਾਂ ਦੇ ਫੁੱਲਣ ਕਾਰਨ ਇਕ ਹੱਥ ਦੀ ਉਂਗਲ ਵਿਚ ਛਾਪ ਪਉਣ ਕਰਕੇ ਨੱਸਾਂ ਫੁਲਣ ਨਾਲ ਮਾਸ ਉਪਰ ਚੜ੍ਹ ਗਿਆ ਸੀ, ਇਸ ਕਾਰਨ ਸਤਿਗੁਰਾਂ ਬ਼ਹੁਤ ਦਰਦ ਮਹਿਸੂਸ ਹੋ ਰਹੀ ਸੀ। ਸਤਿਗੁਰੂ ਜੀ ਮੋਹੀ ਪਿੰਡ ਕੁਝ ਸਮਾਂ ਰੁਕੇ। ਉਥੇ ਸਿਖਾਂ ਨੂੰ ਸਤਿਗੁਰਾਂ ਨੇ ਹੁਕਮ ਕੀਤਾ ਕਿ ਜਾਓ, ਪਿੰਡ ਵਿੱਚ ਕੋਈ ਲੁਹਾਰ ਲਭ ਕੇ ਲਿਆਓ ਜੋ ਛਾਪ (ਅੰਗੂਠੀ) ਨੂੰ ਕੱਟ ਦੇਵੇ। ਸਿਖ ਪਿੰਡ ਵਿਚ ਗਏ ਤੇ ਲੋਹਾਰ ਦੀ ਭਾਲ ਕੀਤੀ ਪਰੰਤੂ ਕੋਈ ਵੀ ਲੁਹਾਰ ਮੁਗ਼ਲ ਸਰਕਾਰ ਤੋਂ ਡਰਦਾ ਸਤਿਗੁਰਾਂ ਦੇ ਕਸ਼ਟ ਨਵਿਰਤੀ ਲਈ ਤਿਆਰ ਨਹੀਂ ਸੀ ਹੋ ਰਿਹਾ।

ਅਚਾਨਕ ਹੀ ਉਸ ਪਿੰਡ ਦੇ ਵਸਨੀਕ ਭਾਈ ਦਿੱਤ ਚਾਨਾ ਨੂੰ ਸਿਖਾਂ ਦੇ ਪਿੰਡ ਵਿਚ ਆਉਣ ਬਾਰੇ ਪਤਾ ਲਗਾ, ਉਹ ਤਨ ਮਨ ਤੋਂ ਸਤਿਗੁਰਾਂ ਦਾ ਸਿਖ ਸੀ। ਸਤਿਗੁਰਾਂ ਦੇ ਹੱਥ ਦੀ ਅੰਗੂਠੀ ਕੱਟਣ ਲਈ ਭਾਈ ਦਿੱਤ ਚਾਨਾ ਸਤਿਗੁਰਾਂ ਕੋਲ ਭੇਟਾ ਲੈ ਕੇ ਪਹੁੰਚੇ ਅਤੇ ਦਰਸ਼ਨ ਕਰਕੇ ਨਿਹਾਲ ਹੋ ਗਏ। ਉਹਨਾਂ ਨੇ ਬੜੀ ਤਦਬੀਰ ਨਾਲ ਸਤਿਗੁਰਾਂ ਦੇ ਹੱਥ ਦੀ ਸਰੋਂ ਦੇ ਤੇਲ ਨਾਲ ਮਾਲਿਸ਼ ਕੀਤੀ ਅਤੇ ਅੰਗੂਠੀ ਤੋਂ ਮਾਸ ਪਿਛੇ ਕਰਕੇ ਹੌਲੀ ਹੌਲੀ ਰੇਤੀ ਨਾਲ ਉਹ ਅੰਗੂਠੀ (ਮੁੰਦਰੀ) ਕੱਟ ਦਿੱਤੀ।

ਸਤਿਗੁਰੂ ਦਸਮ ਪਾਤਸ਼ਾਹ ਜੀ, ਭਾਈ ਦਿਤ ਚਾਨਾ ਦੇ ਉਸ ਕਾਰਜ ਤੋਂ ਬਹੁਤ ਖੁਸ਼ ਹੋਏ ਅਤੇ ਵਚਨ ਕੀਤਾ, "ਭਾਈ ਜੀ, ਅਸੀਂ ਤੁਹਾਡੇ ਤੇ ਬਹੁਤ ਖੁਸ਼ ਹਾਂ ਕੁਝ ਮੰਗ ਲਵੋ।" ਭਾਈ ਜੀ ਨੇ ਨਿਮਰਤਾ ਸਹਿਤ ਕਿਹਾ, ਸਤਿਗੁਰੂ ਜੀ, ਆਪ ਜੀ ਦਾ ਦਿਤਾ ਹੋਇਆ ਬਹੁਤ ਕੁਝ ਹੈ, ਇਕ ਰੀਝ ਆਪ ਜੀ ਦੇ ਦਰਸ਼ਨ ਕਰਨ ਦੀ ਸੀ ਜੋ ਅਜ ਆਪ ਜੀ ਨੇ ਪੂਰੀ ਕਰ ਦਿੱਤੀ ਹੈ।

ਸਤਿਗੁਰੂ ਜੀ ਮੁਸਕਰਾਏ ਤੇ ਫਿਰ ਵਚਨ ਕੀਤਾ, "ਨਹੀਂ, ਭਾਈ ਜੀ ਕੁਝ ਮੰਗੋ, ਅਸੀਂ ਤੁਹਾਡੇ ਤੇ ਬਹੁਤ ਖੁਸ਼ ਹਾਂ।" ਭਾਈ ਜੀ ਨੇ ਬੜੀ ਅਧੀਨਗੀ ਨਾਲ ਕਿਹਾ, ਸਤਿਗੁਰੂ ਜੀ ਜੇ ਆਪ ਤੁਠੇ ਹੀ ਹੋ, ਮਿਹਰਾਂ ਦੇ ਘਰ ਆਏ ਹੋ ਤਾਂ ਕਿਰਪਾ ਕਰੋਂ ਮੇਰੇ ਸਾਰੇ ਪੁਤਰਾਂ ਦਾ ਵਿਆਹ ਹੋ ਜਾਵੇ, ਕਿਉਂਕਿ ਅਸੀਂ ਗਰੀਬ ਹਾਂ, ਕੋਈ ਸਾਕ ਦੇਣ ਨੂੰ ਤਿਆਰ ਨਹੀਂ ਹੈ। ਸਤਿਗੁਰੂ ਜੀ ਮੁਸਕਰਾਏ ਤੇ ਵਚਨ ਕੀਤਾ," ਜਾਹ, ਫਿਕਰ ਨਾ ਕਰ......ਦੋ ਦੋ ਵਿਆਹ ਹੋਇਆ ਕਰਨਗੇ।" ਇਹ ਵਾਕ ਅਜ ਵੀ ਉਸ ਖਾਨਦਾਨ ਵਿਚ ਫਲੀਭੂਤ ਹੋ ਰਿਹਾ ਹੈ। ਹਰ ਬੱਚੇ ਦੇ ਦੋ ਵਿਆਹ ਹੁੰਦੇ ਹਨ। ਸਤਿਗੁਰੂ ਜੀ ਨੇ ਉਹ ਮੁੰਦਰੀ ਵੀ ਭਾਈ ਦਿਤ ਚਾਨਾ ਨੂੰ ਬਖਸ਼ ਦਿਤੀ। ਮਹੰਤ ਬਾਬਾ ਸੁਮੇਰ ਸਿੰਘ ਜੀ ਗ੍ਰੰਥ "ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼" ਦੇ ਪੰਨਾ ੩੭੮ ਤੇ ਇਸ ਘਟਨਾ ਬਾਰੇ ਲਿਖਦੇ ਹਨ-

ਤਾਹਿ ਬੁਲਾਇਨ ਸੋ ਡਰ ਆਈ।
ਪੁਨ ਪੁਨ ਕਹਤ ਨੀਤ ਨਿਅ ਰਾਈ।।
ਅਰੀ ਚੌਧਰੀ ਗ੍ਰਾਮ ਮਹਈ॥
ਲਯਾਇ ਬੁਲਾਇ ਮਾਨ ਬਚ ਗਈ॥ ੧੯॥
ਆਇ ਚੌਧਰੀ ਚਰਨਨ ਲਾਗਾ॥
ਰਹਨ ਸਥਾਨ ਨਾਥ ਤਿਹਮਾਗਾ॥
ਗਯੋ ਨਕਾਰ ਮਕਾਨਨ ਮੇਰੇ॥
ਪ੍ਰਭ ਕੇ ਰਾਖਨ ਜੋਗ ਸੁਨੇਰੇ॥ ੨੦॥
ਬਿਹਸਿ ਕਹੀ ਲੁਹਾਰ ਇਕ ਆਨਹੁ।।
ਕਛੂ ਕਾਜ ਦੇਰ ਜਿਨ ਠਾਨਹੁ॥
ਤਾਤੇ ਲਹੋ ਛਾਪ ਕਤਰਾਈ॥
ਮਾਂਗੁ ਮਾਂਗੁ ਤਿਨ ਤਬਹਿ ਮਗਾਈ॥ ੨੧॥
ਮੇਰੇ ਬਾਲਕ ਬਯਾਹਨ ਗਏ॥
ਤਬ ਬਰਦਾਨ ਚਾਹ ਮਨ ਲਏ॥
ਸ੍ਰੀ ਮੁਖ ਕਹੀ ਤਰੇ ਭਲ ਮਾਹੀ॥
ਅੰਧੇ ਕਾਨਹਿ ਬਯਾਹ ਜਹਾਹੀ॥ ੨੨॥

ਉਪਰੋਕਤ ਲਿਖਤ ਅਨੁਸਾਰ ਸਤਿਗੁਰਾਂ ਨੇ ਵਚਨ ਕੀਤਾ ਕਿ ਤੇਰੇ ਵੰਸ਼ ਵਿਚ ਅੰਨੇ ਕਾਣੇ ਵੀ ਵਿਆਹੇ ਜਾਇਆ ਕਰਨਗੇ। ਭਾਈ ਦਿੱਤ ਚਾਨਾ ਦੇ ਵੰਸ਼ ਵਿਚੋਂ ਭਾਈ ਸੰਤਾ ਸਿੰਘ ਪਿੰਡ ਭੰਮੀਪੁਰ ਤਹਿਸੀਲ ਜਗਰਾਉਂ ਵਿਚ ਰਹਿ ਰਹੇ ਹਨ, ਜਿਹਨਾਂ ਕੋਲ ਉਹ ਮੁੰਦਰੀ ਅਜੇ ਵੀ ਸਾਂਭੀ ਪਈ ਹੈ। ਉਹਨਾਂ ਨੇ ਉਸ ਯਾਦ ਵਿਚ ਇਕ ਗੁਰਦੁਆਰਾ ਵੀ ਤਾਮੀਰ ਕਰਵਾਇਆ ਹੋਇਆ ਹੈ ਜਿਥੇ ਉਹ ਹਰ ਮਹੀਨੇ ਦਸਮੀ ਚਾਂਦਨੀ ਨੂੰ ਕੜਾਹ ਪ੍ਰਸਾਦ ਕਰਕੇ ਮੱਥਾ ਟੇਕ ਕੇ ਮੁੰਦਰੀ ਦਾ ਦਰਸ਼ਨ ਸੰਗਤਾਂ ਨੂੰ ਕਰਾਉਂਦੇ ਹਨ। ਕਈ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਜੋ ਦਸਮ ਪਾਤਸ਼ਾਹ ਜੀ ਕੋਲ ਇਕ ਸੌ ਗਿਆਰਾਂ ਛੇਕਾਂ ਵਾਲਾ ਲੋਟਾ (ਗੰਗਾ ਸਾਗਰ) ਜਿਸ ਵਿਚ ਰੇਤਾ ਪਾਇਆ ਨਿਕਲ ਜਾਂਦਾ ਸੀ ਪਰੰਤੂ ਦੁਧ ਪਾਇਆ ਨਹੀਂ ਸੀ ਨਿਕਲਦਾ, ਉਹ ਭਾਈ ਦਿਤ ਚਾਨਾ ਕਾਰੀਗਰ ਦੀ ਹੀ ਕਿਰਤ ਸੀ ਜੋ ਸਤਿਗੁਰੂ ਜੀ ਨੇ ਨੂਰੇ ਮਾਹੀ ਨੂੰ ਪ੍ਰਸੰਨ ਹੋ ਕੇ ਦੇ ਦਿੱਤੀ ਸੀ ਜਿਸ ਵਿਚ ਉਸਨੇ ਸਤਿਗੁਰਾਂ ਨੂੰ ਦੁਧ ਛਕਾਇਆ ਸੀ। ੧੯੪੭ ਈਸਵੀ ਦੀ ਦੇਸ਼ ਵੰਡ ਤੋਂ ਬਾਅਦ ਨੂਰੇ ਦੀ ਵੰਸ਼ ਵਿਚੋਂ ਅਨਾਇਤ ਖਾਂ ਉਹ ਲੋਟਾ ਪਾਕਿਸਤਾਨ ਲੈ ਗਿਆ ਸੀ।

*ਪਿੰਡ-ਜੀਆ ਨੱਥਾ, ਡਾਕਖਾਨਾ-ਖੁਡਾ-144305*
*ਜ਼ਿਲ੍ਹਾ-ਹੁਸ਼ਿਆਰਪੁਰ*



Sri Satguru Jagjit Singh Ji eLibrary NamdhariElibrary@gmail.com

# ਸੂਰਮੇ ਲਹੂ ਨਾਲ ਲਿਖੀ ਸੁਰਖ਼ ਬਹਾਰ ਦੀ ਕਵਿਤਾ—"ਅਗਨ ਕਥਾ"

—ਸੁਵਰਨ ਸਿੰਘ ਵਿਰਕ

"ਅਗਨ ਕਥਾ" ਚਰਚਿਤ ਸ਼ਾਇਰ ਗੁਰਭਜਨ ਗਿੱਲ ਦਾ ਕਾਵਿ ਸੰਗ੍ਰਹਿ ਹੈ ਜਿਸ ਵਿੱਚ ਇਸੇ ਨਾਮ ਦੀ ਇੱਕ ਲੰਮੀ ਕਵਿਤਾ ਪਹਿਲੇ ਸਫਿਆਂ ਤੇ ਛਾਈ ਹੈ ਜਿਸ ਨੂੰ ਡਾ. ਸੁਰਿੰਦਰ ਸਿੰਘ ਨਰੂਲਾ ਲੇਖਕ ਦਾ ਐਲਾਨਨਾਮਾ ਦੱਸਦਾ ਹੈ। ਲੋਕ ਪੱਖੀ ਅਤੇ ਲੋਕ ਵਿਰੋਧੀ ਤਾਕਤਾਂ ਵਿੱਚ ਇਕ ਸਦੀਵੀ ਜੰਗ ਆਦਿ-ਕਾਲ ਤੋਂ ਜਾਰੀ ਹੈ। ਆਪਣੇ ਪਿਛਲੇ ਸੰਗ੍ਰਹਿ 'ਸੁਰਖ ਸਮੁੰਦਰ' ਦੀ ਇੱਕ ਕਵਿਤਾ ਵਿੱਚ ਕਵੀ ਦੇ ਇਸੇ ਐਲਾਨਨਾਮੇ ਦਾ ਪੂਰਵਭਾਸ ਹੁੰਦਾ ਹੈ—

ਸਮਾਂ ਨਿਰਪੱਖ ਨਹੀਂ ਹੁੰਦਾ
ਜਾਂ ਤੇਰੇ ਪੱਖ ਦਾ ਹੁੰਦੈ
ਜਾਂ ਸਾਡੇ ਪੱਖ ਦਾ ਹੁੰਦੈ
ਨਿਰੀ ਨਿਰਪੱਖਤਾ ਨਾਹਰਾ ਨਿਰਾ ਹੈ........(ਸਫਾ ੩੮)

ਗੁਰਭਜਨ ਗਿੱਲ ਨੇ ਪਿਛਲੀ ਸਦੀ ਦੇ ਸਤਵੇਂ ਦਹਾਕੇ ਦੇ ਅਰੰਭ ਵਿੱਚ ਹੀ ਕਵਿਤਾ ਨਾਲ ਦਸਤਪੰਜਾ ਲੈਣਾ ਸ਼ੁਰੂ ਕਰ ਦਿੱਤਾ ਸੀ। ਇਹ ਉਹ ਸਮਾਂ ਸੀ ਜਦੋਂ ਆਮ ਲੋਕਾਂ ਦਾ ਮਹਿੰਗੇ ਮੁੱਲ ਹਾਸਲ ਕੀਤੀ ਸਾਡੀ ਆਜ਼ਾਦੀ ਤੋਂ ਮੋਹ ਭੰਗ ਹੋਣਾ ਸ਼ੁਰੂ ਹੋ ਗਿਆ ਸੀ। ਇਸ ਆਜ਼ਾਦੀ ਰੂਪੀ 'ਹੀਰ' ਲਈ ਜਫਰ ਜਾਲਣ ਵਾਲੇ ਸਾਰੇ ਹੀ 'ਰਾਂਝੇ' ਦੇ ਛੋਟੇ ਵੱਡੇ ਵੀਰ, ਇਸ ਨੂੰ ਵਾਰਿਸ ਸ਼ਾਹ ਦੇ ਸ਼ਬਦਾਂ ਵਿੱਚ ਇਉਂ ਮੁਖ਼ਾਤਿਬ ਹੋ ਰਹੇ ਸਨ:

"ਚੌਧਰਾਈਆਂ ਛੱਡ ਕੇ ਚਾਕ ਹੋਏ
ਮਹੀਂ ਚਾਰਦੇ ਚਾਰਦੇ ਚੋਰ ਹੋ ਗਏ।
ਤੁਸੀਂ ਜਾ ਵੜੇ ਘਰ ਖੇੜਿਆਂ ਦੇ,
ਅਸੀਂ ਹੋਰ ਦੇ ਹੋਰ ਦੇ ਹੋਰ ਹੋ ਗਏ।"

ਜਮਹੂਰੀ ਢੰਗ ਤਰੀਕਿਆਂ ਨਾਲ ਇੱਛਤ ਨਤੀਜੇ ਨਾ ਨਿਕਲਦੇ ਵੇਖ ਕੇ ਦੇਸ਼ ਦੀ ਜੁਆਨੀ ਨੂੰ ਕਹਿਣਾ ਪਿਆ ਕਿ ਸੰਸਦ ਭਵਨ ਵਿੱਚ ਟੰਗਿਆ "ਸ਼ੀਸ਼ਾ ਝੂਠ ਬੋਲਦਾ ਹੈ" ਹਾਕਮ ਜਿਸ ਨੂੰ ਗੂੰਗੀ ਬੋਲੀ ਵਫ਼ਾਦਾਰ ਪਰਜਾ ਸਮਝਣ ਦਾ ਭਰਮ ਪਾਲ ਬੈਠੇ ਸਨ, ਸ਼ਾਇਰ ਨੇ ਉਸ ਨੂੰ ਇਉਂ ਟੁੰਬਿਆ—

"ਬੋਲ ਮਿੱਟੀ ਦਿਆ ਬਾਵਿਆ"

"ਹਰ ਧੁਖਦਾ ਪਿੰਡ ਮੇਰਾ ਹੈ" ਸਮਝਣ ਵਾਲਾ ਹੱਸਾਸ ਸ਼ਾਇਰ ਜਦੋਂ ਲੋਕਾਈ ਦੇ ਦੁੱਖਾਂ ਤਕਲੀਫਾਂ ਦੇ "ਸੁਰਖ਼ ਸਮੁੰਦਰ" ਵਿੱਚ ਕੁੱਦਿਆ ਤਾਂ ਉਸ ਦੇ ਬੋਲ "ਅਗਨ ਕਥਾ" ਬਣ ਕੇ ਫਿਜ਼ਾਵਾਂ ਵਿੱਚ ਗੂੰਜਣ ਲੱਗ ਪਏ। ਜਿਹੜੇ ਨੈਣਾਂ ਵਿੱਚ ਸੂਹੀ ਸਵੇਰ ਦੇ ਸੁਪਨੇ ਲੈ ਕੇ ਘਰੋਂ ਨਿਕਲੇ ਸਨ ਮੰਜ਼ਿਲ ਉਹਨਾਂ ਲਈ ਭਾਵੇਂ ਛਲਾਵਾ ਸਿੱਧ ਹੋਈ ਸੀ ; ਫਿਰ ਵੀ ਰਾਜ ਦੇ ਵਿਰੁੱਧ ਬਗਾਵਤਾਂ ਨਿਰਾ ਉਥਲ-ਪੁਥਲ ਦਾ ਇਤਿਹਾਸ ਹੀ ਨਹੀਂ ਹੋਰ ਵੀ ਬਹੁਤ ਕੁਝ ਸਿਰਜਦੀਆਂ ਹਨ। ਕਵੀ ਅਜਿਹੇ ਸੰਕ੍ਰਮਣ ਕਾਲ ਬਾਰੇ ਜ਼ਿਆਦਾ ਚੇਤੰਨ ਹੁੰਦਾ ਹੈ। ਕਵਿਤਾ ਕਰਮ ਵਿੱਚ ਆਪਣੀਆਂ ਹਾਰਾਂ ਤੇ ਅੱਥਰੂ ਵਹਾਉਣਾ ਹੀ ਨਹੀਂ, ਭਾਵੀ ਸੰਗਰਾਮਾਂ ਦੀ ਦਾਗ ਬੇਲ ਲਾਉਣਾ ਵੀ ਸ਼ਾਮਲ ਹੁੰਦਾ ਹੈ। ਵਕਤੀ ਹਾਰਾਂ ਨਾਲ ਸਾਹ ਸਤਹੀਣ ਹੋਣ ਵਾਲਾ ਵਿਅਕਤੀ ਜਿਉਂਦੀ ਕਵਿਤਾ ਦਾ ਸਿਰਜਕ ਨਹੀਂ ਹੋ ਸਕਦਾ। ਗੁਰਭਜਨ ਗਿੱਲ ਵੀ ਆਪਣੀ ਕਵਿਤਾ ਨਾਲ ਜਦੋਂ ਮੁਕਤੀ ਸੰਗਰਾਮ ਵਿੱਚ ਕੁੱਦਦਾ ਹੈ ਤਾਂ ਜਿੱਤ ਹਾਰ ਤੋਂ ਬੇਨਿਆਜ਼ ਉਹ ਆਪਣਾ ਪੱਖ ਚੁਣਨ ਵਿੱਚ ਦੇਰ ਨਹੀਂ ਕਰਦਾ—

"ਲੰਮੀ ਲੜਾਈ ਵਿੱਚ
ਜਿੱਤ ਹਾਰ ਕੋਈ ਮਾਮਲਾ ਨਹੀਂ ਰੱਖਦੀ
ਮਹੱਤਵ ਪੂਰਨ ਹੁੰਦਾ ਹੈ
ਤੁਸੀਂ ਕਿਸ ਖ਼ਾਤਰ ਲੜ ਰਹੇ ਹੋ।" (ਅਗਨ ਕਥਾ)

ਅਨਿਆਈ ਸ਼ੋਸ਼ਣ, ਅੱਤਿਆਚਾਰ ਤੇ ਅਧਾਰਿਤ ਪ੍ਰਬੰਧ ਨੂੰ ਸੱਚ ਬੜਾ ਕੌੜਾ ਅਤੇ ਝੂਠ ਮਿੱਠਾ ਲੱਗਦਾ ਹੈ। ਸਾਡਾ ਕਵੀ ਜਿਥੇ ਬੰਦੇ ਨੂੰ ਲਕੀਰਾਂ ਸਰਹੱਦਾਂ ਤੇ ਖ਼ਾਨਿਆਂ ਵਿੱਚ ਵੰਡਣ ਦੇ ਖਿਲਾਫ਼ ਹੈ ਉਥੇ ਉਹ ਝੂਠ ਦੇ ਘਰ ਤੇ ਟਿਕੀ ਵਿਵਸਥਾ ਵਿਰੁੱਧ ਵੀ ਲੜਾਈ ਦਾ ਐਲਾਨ ਕਰਦਾ ਹੈ—

"ਉਸ ਸਾਰੇ ਨਿਜ਼ਾਮ ਦੇ ਖਿਲਾਫ
ਜਿਸ ਦੇ ਹੁੰਦਿਆਂ ਜੀਭ ਨੂੰ ਸੱਚ ਬੋਲਣ
ਤੇ ਕੰਨਾਂ ਨੂੰ ਸਹੀ ਸੁਨਣ ਦੀ ਜਾਂਚ ਭੁੱਲ ਜਾਂਦੀ ਹੈ
(ਅਗਨ ਕਥਾ)

ਸੱਤਾ ਤੇ ਬਿਰਾਜਮਾਨ ਬੁੱਢੀ ਤੇ ਬੀਮਾਰ ਧਿਰ ਲਈ "ਧੌਲ ਦਾੜ੍ਹੀਏ ਟੋਲੋ" ਦਾ ਰੂਪਕ ਪੇਸ਼ ਕਰਕੇ ਕਵੀ ਆਪਣੇ ਅੰਦਰ ਦੇ ਸੱਚ ਨੂੰ ਪ੍ਰਗਟ ਕਰ ਰਿਹਾ ਹੈ, ਕਿਉਂਕਿ ਅਜੋਕੀ ਅਰਬੀ ਕਵਿਤਾ ਦਾ ਅਗ੍ਰਦੂਤ "ਅਦੂਨੀਸ" ਕਹਿੰਦਾ ਹੈ—

"ਸੱਚ ਚਮਕਦਾ ਹੈ ਸਾਡੇ ਅੰਦਰ ਜਦੋਂ
ਅਸੀਂ ਸਿਰਫ਼ ਅਲੰਕਾਰਾਂ ਵਿੱਚ ਗੱਲ ਕਰਦੇ ਹਾਂ ।"
(ਪਹਿਲ-੬੭, ਸਫ਼ਾ ੨੯)

ਆਪਣੇ ਇਤਿਹਾਸ ਦੀ ਵਰਤਮਾਨ ਦੇ ਯਥਾਰਥ ਬੋਧ ਨੂੰ ਪੁੱਠ ਲਾਉਣ ਦੇ ਨਾਲ ਕਵੀ ਦੇ ਐਲਾਨਨਾਮੇ ਦੀ ਸੁਰ ਹੋਰ ਪ੍ਰਚੰਡ ਹੋ ਜਾਂਦੀ ਹੈ। ਉਹ "ਵੱਡੀ ਜੰਗ" ਦੇ ਨਿਸ਼ਾਨੇ ਤੋਂ ਖੁੰਝ ਰਹੇ ਲੋਕਾਂ ਨੂੰ ਸੁਚੇਤ ਕਰਦਿਆਂ ਸਾਡੇ ਇੱਕ ਇਤਿਹਾਸ ਪੁਰਖ ਦੀ ਮਾਰਫ਼ਤ ਅਜੋਕੀ ਪੀੜ੍ਹੀ ਨੂੰ ਤਕੜਾ ਹਲੂਣਾ ਵੀ ਮਾਰਦਾ ਹੈ, ਜੋ ਲੜਨ ਤੋਂ ਕੰਡ ਕਰੀ ਬੈਠੇ ਹਨ—

ਬੜਾ ਅਨਰਥ ਕੀਤਾ ਹੈ
ਅਸੀਂ ਆਪਣਿਆਂ ਪੁਰਖਿਆਂ ਨਾਲ



Sri Satguru Jagjit Singh Ji eLibrary NamdhariElibrary@gmail.com

ਮਤੀ ਦਾਸ ਪੁੱਛਦਾ ਹੈ
ਆਰਾ ਤਾਂ ਦਿਨੇ ਰਾਤ ਅਜੇ ਵੀ ਚੱਲ ਰਿਹਾ ਹੈ
ਤੁਸੀਂ ਕਿਧਰ ਗਏ.......

(ਅਗਨ ਕਥਾ)

ਗਿਆਨ ਵਿਹੁਣੀ ਜਨਤਾ ਦੇ ਹੱਥੋਂ ਹੀ, ਬਹੁਤ ਵਾਰ ਉਸ ਦੇ ਮੁਕਤੀ ਦਾਤਿਆਂ ਦੀ ਬੇਪਤੀ ਕੀਤੀ ਜਾਂਦੀ ਹੈ। ਇਸ ਤਰਾਸਦਿਕ ਤੇ ਵਿਰੋਧਾਭਾਸੀ ਸਥਿਤੀ ਨੂੰ ਪ੍ਰਗਟ ਕਰਨ ਲਈ ਕਵੀ ਬੜੇ ਸਫਲ ਬਿੰਬ ਦਾ ਪ੍ਰਯੋਗ ਕਰਦਾ ਹੈ—

"ਉਸ ਅੰਨ੍ਹੇ ਕੁੱਤੇ ਦੇ ਖਿਲਾਫ ਲੜਨਾ ਹੈ
ਜੋ ਹਵਾ ਨੂੰ ਹੀ ਭੌਂਕੀ ਜਾਂਦਾ ਹੈ ਰਾਤ ਦਿਨ

(ਅਗਨ ਕਥਾ)

ਉਹ "ਦਰਜ਼ੀਆਂ ਨੂੰ ਥੋਕ ਵਿੱਚ ਮਿਲੇ ਫੌਜੀ ਆਡਰ ਵਾਂਗ", "ਕਵਿਤਾਵਾਂ ਸਿਉਣ" ਦੇ ਵਿਰੁੱਧ ਹੈ। ਉਹ ਜਿੱਥੇ ਦੁਨੀਆਂ ਵਿਚੋਂ ਜੋ ਵੀ ਅੱਗੇ ਵਧੂ, ਭਲਾ ਤੇ ਨਰੋਆ ਹੈ, ਉਸ ਦੇ ਖਿਲਾਫ ਲਗਾਤਾਰ ਸਾਜਿਸ਼ਾਂ ਕਰਨ ਵਾਲੀ ਕੌਮਾਂਤਰੀ ਪੂੰਜੀ ਦੀ ਸੱਤਾ ਦੇ ਖਿਲਾਫ਼ ਲੜਨ ਲਈ ਦ੍ਰਿੜ ਸੰਕਲਪ ਹੈ, ਉਥੇ ਉਹ ਇਕ ਵਿਅਕਤੀ ਦੇ ਅੰਦਰ ਦੀਆਂ ਚਲਾਕੀਆਂ, ਕਮੀਨਗੀਆਂ, ਵਿਸ਼ਵਾਸਘਾਤਾਂ ਅਤੇ ਨਿੱਕੀਆਂ ਸੋਚਾਂ ਦੇ ਖਿਲਾਫ ਲੜਨ ਦਾ ਹੋਕਾ ਵੀ ਦਿੰਦਾ ਹੈ, ਜਿਹੜੀਆਂ ਜਿਉਂਦੇ ਬੰਦੇ ਨੂੰ ਲਾਸ਼ ਵਿੱਚ ਬਦਲ ਦਿੰਦੀਆਂ ਹਨ।

ਨਾਵਲਕਾਰ ਗੁਰਦਿਆਲ ਸਿੰਘ ਦੇ ਨਾਵਲ "ਅੰਨ੍ਹੇ ਘੋੜੇ ਦਾ ਦਾਨ" ਵਿੱਚ ਇਕ ਐਸੇ ਖੇਤ ਮਜ਼ਦੂਰ (ਹੁਣ ਛੋਟਾ ਕਿਸਾਨ ਵੀ) ਵਰਗ ਦਾ ਜ਼ਿਕਰ ਹੈ ਪਿੰਡ ਜਿਸ ਨੂੰ ਆਪਣੇ ਵਿੱਚ ਸਮਾਅ ਨਹੀਂ ਸਕਦਾ ਕਿਉਂ ਜੋ ਖੇਤੀ ਦਾ ਮਸ਼ੀਨੀਕਰਣ ਹੋ ਗਿਆ ਹੈ ਅਤੇ ਸ਼ਹਿਰ ਉਹਨੂੰ ਝੱਲ ਨਹੀਂ ਸਕਦਾ, ਉਥੇ ਬੇਰੁਜ਼ਗਾਰੀ ਪਹਿਲੋਂ ਹੀ ਵਿਆਪਕ ਹੈ। ਕਵੀ ਗੁਰਭਜਨ ਗਿੱਲ ਵੀ ਇਸ ਪਿੰਡ ਅਤੇ ਸ਼ਹਿਰ ਦੇ ਦਵੰਦ ਵਿੱਚ ਫਸ ਕੇ ਕਵਿਤਾ ਵਿੱਚ ਆਪਣੇ ਪੀੜਤ ਮਨੋਭਾਵਾਂ ਦੀ ਚੰਗੀ ਤਰਜਮਾਨੀ ਕਰਦਾ ਹੈ। ਭਾਵੇਂ ਉਸ ਲਈ ਪਿੰਡ ਛੱਡਣ ਦਾ ਕਾਰਨ ਖੇਤ ਮਜ਼ਦੂਰ ਜਾਂ ਛੋਟੇ ਕਿਸਾਨ ਵਾਲਾ ਨਹੀਂ ਪਰ ਫਿਰ ਵੀ ਉਹ ਪੰਜਾਬ ਦੇ ਸਭ ਤੋਂ ਵੱਡੇ ਮਹਾਂਨਗਰ ਲੁਧਿਆਣਾ ਦਾ ਵਾਸੀ ਹੋ ਕੇ ਵੀ ਪਿੰਡ ਦੇ ਰੂਪ ਵਿੱਚ ਆਪਣੇ ਭੂ-ਹੇਰਵੇ ਤੋਂ ਮੁਕਤ ਨਹੀਂ ਹੁੰਦਾ। ਇਥੇ ਪਿੰਡ ਕੁਝ ਆਪਣੀ ਕਿਸਮ ਦੇ ਨਰੋਏ ਅਤੇ ਜਿਉਂਦੇ ਜਾਗਦੇ ਰਿਸ਼ਤਿਆਂ ਅਤੇ ਜੀਵਨ ਮੁੱਲਾਂ ਦਾ ਪ੍ਰਤੀਕ ਹੈ, ਜਿਥੇ ਸਾਂਝ, ਭਾਈਚਾਰਾ, ਮੇਲ ਮਿਲਾਪ, ਦੁੱਖ ਸੁੱਖ ਦੀ ਭਿਆਲੀ ਆਦਿ ਵਰਤਾਰਿਆਂ ਬਾਰੇ ਅੱਜ ਵੀ ਸ਼ਹਿਰਾਂ ਨਾਲੋਂ ਵੱਖਰੇ ਸੰਕਲਪ ਪਾਏ ਜਾਂਦੇ ਹਨ। ਸ਼ਹਿਰ ਪੂੰਜੀ ਦੀ ਪੂਰੀ ਜਕੜ ਵਿੱਚ ਆ ਚੁੱਕੇ ਹਨ ਅਤੇ ਉਹ ਹੁਣ ਭੁਗੋਲਿਕ ਪਿੰਡ ਬਾਰੇ ਤਾਂ ਸੋਚ ਸਕਦੇ ਹਨ ਪਰ ਸਾਡਿਆਂ ਪਿੰਡਾਂ ਦੇ ਰਸਮ ਰਿਵਾਜ ਜਾਂ ਰਹਿਣ ਸਹਿਣ ਉਹਨਾਂ ਲਈ ਆਦਮ ਯੁੱਗ ਦੀਆਂ ਬਾਤਾਂ ਹਨ। ਕਵੀ ਪਿੰਡ ਦੀ ਮਾਰਫ਼ਤ ਆਪ ਵੀ ਜਿਉਂਦੀ ਸੰਸਕ੍ਰਿਤੀ ਨਾਲ ਜੁੜਿਆ ਰਹਿਣ ਲਈ ਯਤਨਸ਼ੀਲ ਹੈ ਜਦੋਂ ਕਿ ਮਹਾਂਨਗਰ ਦੀ ਸੰਸਕ੍ਰਿਤੀ ਨੇ ਉਸ ਦੇ ਅੰਦਰਲੇ ਜਿਉਂਦੇ ਬੰਦੇ ਦਾ ਹੀ ਘਾਣ ਕਰ ਛੱਡਿਆ ਹੈ—

ਕਈ ਵਾਰ ਤਾਂ ਇਉਂ ਲੱਗਦਾ ਹੈ
ਯੰਤਰ ਬਣ ਕੇ ਵਿਚਰ ਰਹੇ ਹਾਂ
ਜਿਉਂ ਜੰਮੇ ਹਾਂ ਨਿੱਤ ਕਿਰਿਆ ਦਾ ਓਹੋ ਧੰਦਾ
ਖੌਰੇ ਕਿੱਥੇ ਗਰਕ ਗਿਆ ਹੈ
ਸਾਡੇ ਵਿਚਲਾ ਜਿਉਂਦਾ ਬੰਦਾ
ਭੀੜ 'ਚ ਕਿਣਕੇ ਮਾਤਰ ਹਸਤੀ
ਸ਼ਹਿਰਾਂ ਵਿੱਚ ਗੁਆਚ ਗਏ ਹਾਂ
ਕਿੰਨਾ ਪੈਂਡਾ ਰੋਜ਼ ਦਿਹਾੜੀ
ਸ਼ਹਿਰੋਂ ਪਿੰਡ ਦਾ ਵਧ ਜਾਂਦਾ ਹੈ

(ਸ਼ਹਿਰਾਂ ਵਿੱਚ ਗੁਆਚ ਗਏ ਹਾਂ)

ਕਵੀ ਵਾਸਤੇ ਕਵਿਤਾ ਨਜਾਇਜ਼ ਰਿਸ਼ਤਿਆਂ ਦੀ ਪਰਕਰਮਾ ਜਾਂ "ਬੇਗ਼ਾਨੀਆਂ ਧੀਆਂ ਭੈਣਾਂ ਦੇ ਜਿਸਮਾਂ ਦਾ ਜੁਗਰਾਫ਼ੀਆਂ" ਨਹੀਂ ਸੀ। ਉਹ "ਵਿਦਵਾਨਾਂ ਪਾਸੋਂ ਖ਼ਰੀਦੀ ਫੋਕੀ ਵਾਹਵਾ" ਜਾਂ "ਵਿਸ਼ਵ ਵਿਦਿਆਲਿਆਂ ਦੀ ਬਦਬੂ ਮਾਰਦੀ ਲਿਆਕਤ" ਨੂੰ ਵੀ ਕਵਿਤਾ ਦੇ ਮੁਕਾਬਲੇ ਹੇਚ ਸਮਝਦਾ ਹੈ। ਜੀਵਨ ਸੰਗਰਾਮ ਵਿੱਚ ਕੁੱਦਣ ਦੀ ਪ੍ਰੇਰਨਾ ਦੇਣਾ ਹੀ ਉਸ ਲਈ ਕਵਿਤਾ ਦੀ ਅਸਲ ਤਾਕਤ ਹੈ। ਹੋਣੀਆਂ ਨੂੰ ਵੰਗਾਰਨ ਵਾਲੇ ਬੋਲ ਹੀ ਕਵਿਤਾ ਦਾ ਜਾਮਾਂ ਪਹਿਨਦੇ ਹਨ।

ਪੰਜਾਬ ਦੀ ਵੀਰ ਨਾਇਕ ਪਰੰਪਰਾ ਵਿੱਚ ਦੁੱਲੇ ਦਾ ਵਰਨਣ ਜਮਾਂਦਰੂ ਬਾਗ਼ੀ ਵਜੋਂ ਹੁੰਦਾ ਹੈ। ਵੇਲੇ ਦੇ ਪ੍ਰਸਿੱਧ ਸੂਫੀ ਫ਼ਕੀਰ ਸ਼ਾਹ ਹੁਸੈਨ ਅਤੇ ਦੁੱਲੇ ਦੀ ਯਾਰੀ ਦੀ ਪੰਜਾਬੀ ਕਵਿਤਾ ਨੂੰ ਸਿਰਲੱਥਾਂ ਦੇ ਹਾਣ ਦੀ ਬਣਾਉਂਦੀ ਹੈ। ਉਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਸਾਡਾ ਕਵੀ ਆਪਣੀ ਕਵਿਤਾ ਦਾ ਸਿੰਘ ਨਾਦ ਇਉਂ ਕਰਦਾ ਹੈ—

ਮੇਰੀ ਕਵਿਤਾ ਤਾਂ ਅੱਥਰੇ ਘੋੜੇ ਤੇ ਸਵਾਰ
ਦੁੱਲੇ ਦੀ ਵੰਗਾਰ ਸੀ
ਸੂਰਮੇ ਲਹੂ ਨਾਲ ਲਿਖੀ ਸੂਰਖ ਬਹਾਰ ਸੀ
ਹਾਕਮ ਦੇ ਮੱਥੇ ਖਿੰਘਰ ਵਾਂਗ ਵੱਜੀ ਫਿਟਕਾਰ ਸੀ

(ਉਹ ਮੇਰੀ ਕਵਿਤਾ ਨਹੀਂ ਸੀ)

ਕਵੀ ਵਿਰਸੇ ਅਤੇ ਵਰਤਮਾਨ ਦੇ ਨਾਲ-ਨਾਲ ਤੁਰ ਰਿਹਾ ਹੈ ਅਤੇ ਉਹਨਾਂ ਤੇ ਕਾਟਵੀਂ ਨਜ਼ਰ ਰੱਖ ਰਿਹਾ ਹੈ ਜੋ "ਟੋਟੇ ਟੋਟੇ ਸੋਚ ਤੇ ਚਿੰਤਨ" ਲੈ ਕੇ "ਗਰਜ਼ਾਂ ਦੇ ਜੰਗਲ ਵਿੱਚ" ਗੁੰਮ ਹੋ ਗਏ ਹਨ। ਗੁਰੂ ਦੇ ਉਪਦੇਸ਼ ਅਤੇ ਬਾਣੀ ਉਹਨਾਂ ਦੇ ਜੀਵਨ ਤੋਂ ਕੋਹਾਂ ਦੂਰ ਹੈ। ਇਸ ਲਈ ਲੁੱਟ ਖਸੁੱਟ ਦੀ ਚੱਕੀ ਵਿੱਚ ਪਿਸਦੀ ਆਮ ਲੋਕਾਈ ਦੇ ਪੱਖ ਵਿੱਚ ਨਾ ਖਲੋਣ ਸਦਕਾ ਹੀ ਇਤਿਹਾਸ ਦਾ ਇੱਕ ਹੋਰ ਪ੍ਰਤੀਕ ਉਸ ਨੂੰ ਵੰਗਾਰ ਦਾ ਪ੍ਰਤੀਤ ਹੁੰਦਾ ਹੈ—



Sri Satguru Jagjit Singh Ji eLibrary NamdhariElibrary@gmail.com

ਚੌਂਕ ਚਾਂਦਨੀ ਬਾਬੇ ਵਾਲਾ
ਅੱਜ ਸਾਨੂੰ ਨਿਤ ਪੁੱਛਦਾ ਰਹਿੰਦਾ
ਜ਼ਾਲਮ ਤੇ ਮਜ਼ਲੂਮਾਂ ਦਾ ਰਿਸ਼ਤਾ ਕਿਉਂ ਭੁੱਲਦੇ ਹੋ।

(ਫਿਰ ਇਕ ਸੂਰਜ ਬਾਲ ਧਰੋ)

ਕਵੀ ਦੀ ਸਮਝ ਮੁਤਾਬਿਕ ਸਿਰਫ਼ ਨਿਰ-ਉਦੇਸ਼ ਤਲਵਾਰ ਚਲਾਉਣੀ ਹੀ ਸਿੱਖੀ ਨਹੀਂ ਕਿਉਂਕਿ ਇਸ ਤਰ੍ਹਾਂ ਤਾਂ—

ਅੰਨ੍ਹੇ ਬੋਲੇ ਹੋ ਕੇ ਤੇਗ ਘੁੰਮਾਈ ਜਾਈਏ
ਆਪਣਿਆਂ ਨੂੰ ਆਪੇ ਹੀ ਝਟਕਾਈ ਜਾਈਏ

(ਫਿਰ ਇਕ ਸੂਰਜ ਬਾਲ ਧਰੋ)

ਪਿਛਲੀ ਸਦੀ ਦੇ ਅੰਤਿਮ ਦੋ ਦਹਾਕਿਆਂ ਵਿੱਚ, ਪੰਜਾਬ ਅਤੇ ਸਿੱਖ ਭਾਈਚਾਰੇ ਨੂੰ ਜਿਸ ਅੱਗ ਦੇ ਦਰਿਆ ਵਿੱਚ ਤਰ ਕੇ ਖ਼ੂਨ ਦੇ ਸੋਹਲੇ ਗਾਉਣੇ ਪਏ, ਉਸ ਲਈ ਜਿੱਥੇ ਹੋਰ ਬਾਹਰੀ ਕਾਰਨ ਜ਼ਿੰਮੇਵਾਰ ਸਨ ਉਥੇ ਅੰਦਰੂਨੀ ਤੌਰ ਤੇ ਸਿੱਖੀ ਦੀ ਗਲਤ ਸਮਝ ਅਤੇ ਇਸ ਨੂੰ ਕਰਮਕਾਂਡਾਂ ਤੱਕ ਸੀਮਤ ਕਰਨ ਵਾਲੀ ਵਿਆਖਿਆ ਨੇ ਵੀ ਸਾਨੂੰ "ਬੱਲ ਬੁੱਧ ਹੀਣ" ਕਰ ਦਿੱਤਾ ਸੀ। ਜਦੋਂ ਬਨੇਰਿਆਂ ਤੇ ਕਾਵਾਂ ਦੀ ਥਾਂ "ਅਗਨ ਪਰਿੰਦਿਆਂ" ਨੇ ਲੈ ਲਈ ਅਤੇ "ਸਾਰੇ ਰਾਹ ਹਥਿਆਰਾਂ ਨੇ ਘੇਰ ਲਏ ਸਨ"। "ਦਹਿਸ਼ਤ ਅਤੇ ਵਹਿਸ਼ਤ" ਦਾ ਬੋਲ ਬਾਲਾ ਸੀ। ਇਹਨਾਂ ਕਾਲੀਆਂ ਬੋਲੀਆਂ ਰਾਤਾਂ ਵਿੱਚ ਬਿਖੜੇ ਪੈਂਡਿਆਂ ਵਿੱਚ ਕਵੀ ਸੂਹੀ ਸਵੇਰ ਦੀ ਉਡੀਕ ਵਿੱਚ ਹੈ ਤਾਂ ਜੋ ਇਸ ਤਰ੍ਹਾਂ ਦੀਆਂ ਅਣਹੋਣੀਆਂ ਫਿਰ ਨਾ ਵਾਪਰਨ। ਤਾਂ ਹੀ ਕਵੀ ਸਰਕਾਰੀ ਅਤੇ ਗੈਰ-ਸਰਕਾਰੀ ਬੰਦੂਕਾਂ ਵਾਲਿਆਂ ਤੋਂ ਇਹ ਸੁਆਲ ਪੁੱਛਦਾ ਹੈ—

"ਗੋਲੀ ਚੱਲਦੀ ਏ ਠਾਹ ਕਰਕੇ,
ਦੱਸ ਤੈਨੂੰ ਕੀ ਮਿਲਦਾ
ਸਾਡਾ ਆਹਲਣਾ ਤਬਾਹ ਕਰਕੇ।"

(ਟੱਪੇ ਵਰਤਮਾਨ ਦੇ)

ਕਵੀ ਨੂੰ ਉਹਨਾਂ ਸਮਿਆਂ ਵਿਚੋਂ ਗੁਜ਼ਰਨਾ ਪਿਆ ਹੈ, ਜਦੋਂ ਉਸ ਦੇ ਦਰਿਆਵਾਂ ਦੇ ਕੰਢੇ, ਵੰਝਲੀ ਦੇ ਬੋਲਾਂ ਦੀ ਬਜਾਏ ਗੋਲੀਆਂ ਦੀ ਅਵਾਜ਼ ਨਾਲ ਗੂੰਜਦੇ ਸਨ ਅਤੇ ਦਰਿਆ ਲਾਸ਼ਾਂ ਖਪਾਉਣ ਦਾ ਸਾਧਨ ਬਣ ਕੇ ਰਹਿ ਗਏ ਸਨ। ਇਹਨਾਂ "ਆਦਮ ਖੋਰ ਹਵਾਵਾਂ" ਨੇ ਖੜ੍ਹੇ ਖਲੋਤੇ ਪੁੱਤਰ ਖਾ ਲਏ ਸਨ। ਕਵੀ, ਜੋ ਕੁਝ ਹੋਇਆ ਬੀਤਿਆ, ਉਸ ਨੂੰ ਇਤਿਹਾਸ ਦੀ ਨਜ਼ਰ ਨਾਲ ਵੇਖਣ ਦਾ ਯਤਨ ਕਰਦਾ ਹੈ—

"ਇਸ ਵਾਰੀ ਬਾਬਰ ਦਾ ਲਸ਼ਕਰ
ਨਾ ਕਾਬਲ ਤੋਂ ਧਾਇਆ
ਆਪਣਾ ਖ਼ੂਨ ਬੇਗ਼ਾਨਾ ਬਣਿਆ
ਉਸ ਭਾਣਾ ਵਰਤਾਇਆ
ਚੁੱਲ੍ਹੇ ਚੌਂਕੇ ਮਕਤਲ ਬਣ ਗਏ
ਡਾਢਾ ਕਹਿਰ ਕਮਾਇਆ
ਕਾਲੇ ਸਮਿਆਂ ਦਿੱਤਾ ਸਾਨੂੰ
ਹੰਝੂਆਂ ਦਾ ਸਰਮਾਇਆ"

(ਹੁਣ ਨਾ ਹੋਰ ਪੰਘੂੜੇ ਉਜੜਨ)

ਪੰਜਾਬ ਸਮੱਸਿਆ ਭਾਵੇਂ ਬਹੁਤ ਵਿਕਰਾਲ ਰੂਪ ਧਾਰਨ ਕਰਕੇ ਕੌਮਾਂਤਰੀ ਸ਼ਕਤੀਆਂ ਦੇ ਹੱਥਾਂ ਦਾ ਮੋਹਰਾ ਵੀ ਬਣੀ ਰਹੀ ਪਰ ਮੁੱਖ ਰੂਪ ਵਿਚ ਇਹਦੇ ਦੋ ਹੀ ਕਾਰਨ ਸਨ—ਇੱਕ ਧਿਰ ਵੱਲੋਂ ਭਾਸ਼ਾ ਨੂੰ ਧਰਮ ਨਾਲ ਜੋੜ ਕੇ ਮਾਂ ਬੋਲੀ ਤੋਂ ਬੇਮੁੱਖ ਹੋਣਾ ਤੇ ਦੂਜੀ ਧਿਰ ਵੱਲੋਂ ਧਰਮ ਨੂੰ ਸਿਆਸਤ ਨਾਲ ਜੋੜ ਕੇ ਸਮੁੱਚੇ ਪੰਜਾਬੀਆਂ ਦੀ ਲੜਾਈ ਨੂੰ ਸੌੜੇ ਖੱਪਿਆਂ ਵਿੱਚ ਲਿਆਂਦਾ ਜਾਣਾ। ਆਪਣੀ ਮਾਂ ਬੋਲੀ ਦੀ ਹੋਣੀ ਬਾਰੇ ਕਵੀ ਦਾ ਸ਼ਿਕਵਾ ਜਾਇਜ਼ ਹੀ ਤਾਂ ਹੈ—

"ਧਰਤੀ ਵੀ ਸੀ ਅੰਬਰ ਵੀ ਸੀ
ਬੋਹੜ ਦੀ ਸੰਘਣੀ ਛਾਂ
ਆਪਣੇ ਘਰ ਵਿੱਚ ਬਣੀ ਓਪਰੀ
ਪੰਜ ਪੁੱਤਰਾਂ ਦੀ ਮਾਂ

(ਪੰਜਾਬੀ ਬੋਲੀ)

ਇਸ ਸੰਗ੍ਰਹਿ ਵਿੱਚ ਸ਼ਾਮਲ ਅਧਿਕ ਕਵਿਤਾਵਾਂ ਭਾਵੇਂ ਖੁੱਲੀਆਂ ਕਵਿਤਾਵਾਂ ਹਨ ਪਰ ਉਹਨਾਂ ਵਿੱਚ ਇਕ ਸੰਗੀਤਾਮਕਤਾ ਵਿਦਮਾਨ ਹੈ। ਕਵੀ ਇਕ ਨਿਪੁੰਨ ਗੀਤਕਾਰ ਵੀ ਹੈ। ਇਸ ਲਈ ਤੋਲ ਤੁਕਾਂਤ ਰਿਦਮ ਆਦਿ ਕਾਵਿ-ਰੂਪਾਂ ਨਾਲ ਉਸ ਦੀ ਸ਼ਾਇਰੀ ਭਰਪੂਰ ਹੈ। ਉਸ ਦੇ ਸ਼ਬਦ ਕਿਤੇ ਵੀ ਅੱਖਰਦੇ ਨਹੀਂ ਸਗੋਂ ਆਪੋ ਆਪਣੇ ਅਰਥ ਦੇ ਸੂਚਕ ਹਨ।

ਕਵਿਤਾ ਦੇ ਰੂਪ ਅਤੇ ਵਿਸ਼ੇ ਵਸਤੂ ਬਾਬਤ ਕਈ ਵੇਰ ਭਖਵੀਆਂ ਬਹਿਸਾਂ ਛਿੜਦੀਆਂ ਹਨ। ਪ੍ਰੰਤੂ ਮੈਂ ਸਮਝਦਾ ਹਾਂ ਕਿ ਜਿੱਥੇ ਕਵਿਤਾ ਦਾ ਮਨੋਰਥ ਮਨੁੱਖੀ ਮੁਕਤੀ ਦੇ ਸੰਗਰਾਮ ਵਿੱਚ ਹਿੱਸਾ ਪਾਉਣਾ ਜਾਂ ਇਸ ਧਰਤੀ ਨੂੰ ਹੋਰ ਵੀ ਵਧੀਆ ਜੀਵਨ ਜਿਉਣ ਯੋਗ ਬਣਾਉਣਾ ਹੈ, ਉਥੇ ਕਵਿਤਾ ਵਿਚਲੇ ਕਾਵਿਕ ਗੁਣ ਉਸ ਦੀ ਦੱਖ ਨੂੰ ਰੂਪਮਾਨ ਕਰਦੇ ਹਨ। ਚੰਗੇ ਕਵੀ ਲਈ ਵਸਤੂ ਅਤੇ ਰੂਪ ਦੀ ਦੁਬਿਧਾ ਕਦੇ ਵੀ ਆੜੇ ਨਹੀਂ ਆਉਂਦੀ। ਸ਼ਬਦ, ਸੁਰਤਿ ਅਤੇ ਧੁਨ ਦਾ ਸਹਿਮੇਲ ਸਾਡੀ ਭਾਰਤੀ ਕਾਵਿ ਪਰੰਪਰਾ ਵਿੱਚ ਮਿਲਦਾ ਹੈ ਅਤੇ ਗੁਰਭਜਨ ਗਿੱਲ ਇਸੇ ਪਰੰਪਰਾ ਨੂੰ ਆਪਣੀ ਪੁਸਤਕ 'ਅਗਨ ਕਥਾ' ਨਾਲ ਅੱਗੇ ਤੋਰਦਾ ਹੈ।

ਅਗਨ ਕਥਾ ਵਿੱਚ ਕਵੀ ਨੇ ਕੁਝ ਕੁ ਗਜ਼ਲਾਂ ਵੀ ਸ਼ਾਮਲ ਕੀਤੀਆਂ ਹਨ। ਗ਼ਜ਼ਲ ਅਜੋਕੀ ਪੰਜਾਬੀ ਕਵਿਤਾ ਦਾ ਇੱਕ ਅਨਿੱਖੜਵਾਂ ਅੰਗ ਬਣ ਚੁੱਕੀ ਹੈ। ਪੰਜਾਬੀ ਗਜ਼ਲ ਨੇ ਪਿਛਲੇ ਪੰਜਾਹ ਕੁ ਸਾਲਾਂ ਵਿੱਚ ਕਾਫੀ ਪੈਂਡਾ ਤਹਿ ਕਰ ਲਿਆ ਹੈ। ਜਾਮ ਸੁਰਾਹੀ ਤੇ ਜ਼ੁਲਫ ਦੇ ਪੇਚਾਂ ਤੋਂ ਗੱਲ ਚੋਖੀ ਅੱਗੇ ਵਧ ਗਈ ਹੈ। ਗ਼ਜ਼ਲ ਅੱਜ ਦੀ ਕਾਹਲ ਭਰੀ ਜ਼ਿੰਦਗੀ ਵਿੱਚ ਆਪਣੀ ਸੰਖੇਪਤਾ ਅਤੇ ਹਰ ਸ਼ਿਅਰ ਦੀ ਸੁਤੰਤਰ ਹੋਂਦ ਸਦਕਾ, ਕਵਿਤਾ ਨਾਲੋਂ ਅਕਸਰ ਜ਼ਿਆਦਾ ਪੜ੍ਹੀ ਜਾਂਦੀ ਹੈ। ਉਸ ਦੀਆਂ ਗ਼ਜ਼ਲਾਂ ਦੇ ਹੇਠਾਂ ਦਿੱਤੇ ਕੁਝ ਕੁ ਸ਼ੇਅਰ ਉਸ



Sri Satguru Jagjit Singh Ji eLibrary NamdhariElibrary@gmail.com

ਦੇ ਇਰਾਦੇ, ਅਕੀਦੇ ਅਤੇ ਮਾਨਵ-ਹਿੱਤੂ ਪੈਂਤੜੇ ਦਾ ਬਖਾਨ ਕਰਦੇ ਹਨ—

"ਮੈਂ ਨਾਨਕ ਦਾ ਰਬਾਬੀ ਹਾਂ, ਭਰਾਵੋ ਮੈਂ ਪੰਜਾਬੀ ਹਾਂ
ਲਿਆਓ ਜੋੜ ਕੇ ਦੇਵਾਂ ਉਹ ਟੁੱਟੀ ਤਾਰ ਕਿੱਥੇ ਹੈ।

"ਮੈਂ ਮੋਏ ਪੁੱਤਰਾਂ ਨੂੰ ਗਿਣਦਿਆਂ ਖੂੰਖਾਰ ਨਾ ਬਣ ਜਾਂ,
ਲਿਆਓ ਪਾੜ ਦੇਵਾਂ ਅੱਜ ਦਾ ਅਖਬਾਰ ਕਿੱਥੇ ਹੈ।

"ਰੰਗ ਬਦਲੇ ਢੰਗ ਨਾ ਬਦਲੇ ਨਾਂ ਕਿਸੇ ਬਦਲੇ ਵਿਧਾਨ
ਕੁਰਸੀਆਂ ਤੇ ਕਾਲਾ ਧਨ ਚਿਹਰਾ ਬਦਲ ਕੇ ਬਹਿ ਗਿਆ।

"ਘੁੱਗੀਆਂ ਮੋਰ ਦਸੂਤੀ ਚਾਦਰ ਮੁੜ-ਮੁੜ ਏਹੋ ਆਖ ਰਹੇ,
ਤਸਰ ਗਏ ਹਾਂ ਤੇਰੀ ਛੋਹ ਨੂੰ ਐਵੇਂ ਚੱਲੇ ਹੰਢ ਓ ਯਾਰ

**ਬਲਦੀ ਕੇਵਲ ਮਿੱਟੀ ਹੈ ਜਾਂ ਲੱਕੜੀਆਂ,**
**ਮੜ੍ਹੀਆਂ ਅੰਦਰ ਸੜਦੇ ਨਹੀਂ ਵਿਚਾਰ ਕਦੇ।**

**"ਚੌਵੀ ਘੰਟੇ ਜਿੰਨ੍ਹਾ ਨੂੰ ਬੱਸ ਆਪਣਾ ਹਿਤ ਹੀ ਯਾਦ ਰਹੇ**
**"ਬਹੁਤਾ ਮੱਥ ਨਾ ਲੱਗਿਆ ਕਰ ਇਹੋ ਜਹੇ ਮਨਮੁੱਖਾਂ ਦੇ**

"ਏਸ ਦੇਸ਼ ਨੂੰ ਕਿਸ਼ਤਾਂ ਦੇ ਵਿੱਚ ਵੇਚ ਦੇਵਣਗੇ,
ਨਿੱਕੀਆਂ ਸੋਚਾਂ ਵਾਲੇ ਰੰਗ ਬਰੰਗੇ ਰਹਿਬਰ।"

ਸਮੁੱਚੇ ਤੌਰ ਤੇ ਗੁਰਭਜਨ ਗਿੱਲ ਦੇ ਇਸ ਕਾਵਿ ਸੰਗ੍ਰਹਿ ਦਾ ਪਾਠ ਕਰਦਿਆਂ ਪਾਠਕ ਆਪਣੇ ਅਵਚੇਤਨ ਨਾਲ ਇੱਕ ਸਾਰਥਕ ਸੰਵਾਦ ਵੀ ਰਚਾਉਂਦਾ ਹੈ। ਸੰਵਾਦ ਜੋ ਔੜਾਂ ਥੁੜਾਂ ਮਾਰੇ ਮੌਸਮਾਂ ਵਿੱਚ ਮੇਘਲੇ ਦੀ ਆਮਦ ਵਰਗਾ ਹੈ। ਜਿਸ ਨੇ ਸਾਡੇ ਵਿਸ਼ਵਾਸਾਂ ਦੀਆਂ ਕੰਨੀਆਂ ਤੇ ਜੰਮੀ ਕਿੰਨੀ ਤਾਂ ਧੂੜ ਧੋ ਸੁੱਟਣੀ ਹੈ ਅਤੇ ਤੇਲ ਧੋਤੇ ਫੁੱਲਾਂ ਜਹੇ ਅੱਖਰ ਕਰੂੰਬਲਾਂ ਵਾਂਗੂ ਪ੍ਰਗਟ ਹੁੰਦੇ ਹਨ। ਜ਼ਿੰਦਗੀ ਦੀ ਜੱਦੋ ਜਹਿਦ ਵਿੱਚ ਪਿਆ ਬੰਦਾ ਹੀ ਜਿਊਣ ਦਾ ਹੱਕ ਰੱਖਦਾ ਹੈ। ਉਸ ਦੀ ਜੀਵਨ-ਸ਼ਕਤੀ ਹੀ ਸਮੇਂ ਦੀ ਅਗਵਾਨੂੰ ਬਣਦੀ ਹੈ। ਇਤਿਹਾਸ ਵਿੱਚੋਂ ਵੀ ਅਤੇ ਆਪਣੇ ਸਭਿਆਚਾਰ ਵਿੱਚੋਂ ਵੀ ਇਹ ਜੀਵਨ ਚੰਗਿਆੜੀ ਲੱਭੀ ਜਾਂਦੀ ਹੈ। ਮਨੁੱਖ ਦਾ ਸੰਸਕ੍ਰਿਤਕ ਪਰਿਪੇਖ ਵੀ ਉਸ ਦੀ ਵਿਕਾਸ ਵੱਲ ਯਾਤਰਾ ਨੂੰ ਬਲ ਸਮਝਦਾ ਹੈ। ਗੁਰਭਜਨ ਗਿੱਲ ਦੀ ਕਵਿਤਾ ਸਾਡੇ ਸੱਭਿਆਚਾਰ ਦੇ ਸਮਾਜ ਸ਼ਾਸਤਰ ਨੂੰ ਪੇਸ਼ ਕਰਨ ਦੇ ਵੀ ਸਮਰੱਥ ਹੈ। ਪਿੰਡ ਪ੍ਰਤੀ ਆਪਣੇ ਕੁਦਰਤੀ ਲਗਾਓ ਦੇ ਹੁੰਦਿਆਂ ਵੀ ਉਹ ਥੋੜੀਆਂ ਵਲਗਣਾ ਤੋਂ ਉੱਪਰ ਉੱਠ ਕੇ, ਬ੍ਰਹਿਮੰਡੀ ਚੇਤਨਾ ਨਾਲ ਵੀ ਖੁਦ ਨੂੰ ਆਤਮਸਾਤ ਕਰਦਾ ਹੈ।

"ਅਗਨ ਕਥਾ" ਵਿੱਚ ਗੁਰਭਜਨ ਗਿੱਲ ਜਿੱਥੇ ਬਾਲ ਸੁਲਭ ਸਰਲਤਾ ਨਾਲ ਪੇਸ਼ ਆਉਂਦਾ ਹੈ, ਉਥੇ ਉਸ ਦਾ ਦਾਰਸ਼ਨਿਕ ਅੰਦਾਜ਼ ਵੀ ਬਰਕਰਾਰ ਰਹਿੰਦਾ ਹੈ।

*—ਪਿੰਡ ਤੇ ਡਾਕ. ਕਰੀਵਾਲਾ*
*ਜ਼ਿਲ੍ਹਾ ਸਿਰਸਾ-੧੨੫੦੭*

# ਪਾਠਕਾਂ ਨੂੰ ਜ਼ਰੂਰੀ ਬੇਨਤੀ

ਵਰਿਆਮ ਨੂੰ ਚਲਾਉਣ ਵਾਸਤੇ ਇਸਦੇ ਪਾਠਕਾਂ ਵਲੋਂ ਜੋ ਚੰਦਿਆ ਦੇ ਰੂਪ ਵਿਚ ਸਹਾਇਤਾ ਆਉਂਦੀ ਹੈ, ਜੇ ਉਹ ਰੁਕ ਜਾਵੇ ਤਾਂ ਵਰਿਆਮ ਦੀ ਗੱਡੀ ਚਲਣੀ ਮੁਸ਼ਕਲ ਹੋ ਜਾਂਦੀ ਹੈ ਤੇ ਜੇ ਵਿਦੇਸ਼ਾਂ ਵਿਚ ਵਸਦੇ ਵਰਿਆਮ ਪਾਠਕ ਦੇਰੀ ਤੇ ਦੇਰੀ ਕਰੀ ਜਾਣ ਤਾਂ ਇਕ ਬਹੁਤ ਭਾਰੀ ਨੁਕਸਾਨ ਵਰਿਆਮ ਦਾ ਹੁੰਦਾ ਹੈ। ਅਜਿਹਾ ਹੁਣ ਹੋ ਹਿਾ ਹੈ। ਤੁਸੀਂ **ਜਾਣਦੇ ਹੋ ਕਿ ਟਿਕਟਾਂ ਤੇ ਹਜ਼ਾਰਾਂ ਰੁਪਏ ਖਰਚ ਆਉਂਦਾ ਹੈ ਤੇ ਭਾਰਤ ਦੇ ਨਵੇਂ ਬਜਟ** ਵਿਚ ਡਾਕ ਦਰਾਂ ਨੂੰ ਮੁੜ ਵਧਾਇਆ ਜਾ ਰਿਹਾ ਹੈ।

ਅਸੀਂ ਦੇਸ ਵਿਦੇਸ਼ ਦੇ ਪਾਠਕਾਂ ਨੂੰ ਬਹੁਤ ਜ਼ਰੂਰੀ ਬੇਨਤੀ ਕਰਦੇ ਹਾਂ ਕਿ ਵਰਿਆਮ ਦੇ ਚੰਦੇ ਆਪ ਪਹਿਲ ਕਰਕੇ ਸਭ ਤੋਂ ਪਹਿਲਾਂ ਭਿਜਵਾਇਆ ਕਰੋ। ਬਹੁਤ ਭਾਰੀ ਭਰਕਮ ਖਰਚਿਆਂ ਨਾਲ ਹੀ ਪਰਚੇ ਚਲ ਸਕਦੇ ਹਨ। ਵਰਿਆਮ ਦੇ ਚੰਦੇ ਭੇਜਣੇ ਘੱਟ ਘੱਟ ਉੱਦਮ ਹੈ ਜੋ ਤੁਸੀਂ ਕਰ ਸਕਦੇ ਹੋ। ਇਹ ਹੀ ਬੇਨਤੀ ਹੈ ਜੋ ਸਵੀਕਾਰ ਕਰੋ।

*—ਜਗਦੀਸ਼ ਸਿੰਘ*

## ਪ੍ਰੇਮ ਦਾ ਸੰਗਲ

ਐਸਾ ਪ੍ਰੇਮ ਦਾ ਸੰਗਲ ਤੂੰ ਪਾ ਲੈਂਦਾ
ਏਥੋਂ ਜਾਣ ਨੂੰ ਕਰੇ ਨਾ ਜੀ ਰਾਮਾਂ।

ਕਮਲੇ ਵਾਂਗ ਮੈਂ ਵੇਖਦਾ ਰਵਾਂ ਤੈਨੂੰ,
ਖਬਰੇ ਹੋ ਜਾਂਦਾ ਮੈਨੂੰ ਕੀ ਰਾਮਾਂ।

ਤੇਰੇ ਬੁੱਲਾਂ 'ਚੋਂ ਅੰਮ੍ਰਿਤ ਜੋ ਵਰ੍ਹ ਰਿਹਾ ਹੈ,
ਓਹੋ ਰੱਜ ਰੱਜ ਲੈਂਦਾ ਹਾਂ ਪੀ ਰਾਮਾਂ।

ਤੈਨੂੰ ਵੇਖਕੇ ਦੁੱਖ ਸਭ ਟੁੱਟ ਜਾਂਦੇ,
ਕਦੇ ਨਿਕਲਦੀ ਨਾ ਮੂੰਹੋ 'ਸੀ' ਰਾਮਾਂ।

*—ਚਰਨ ਸੀਚੇਵਾਲਵੀ*



Sri Satguru Jagjit Singh Ji eLibrary NamdhariElibrary@gmail.com

# ਜੇ ਜਾਣਾ ਪ੍ਰਦੇਸ

ਜਲੰਧਰ ਰੇਡੀਓ ਸਟੇਸ਼ਨ ਦੇ ਐਫ. ਐਮ. ਚੈਨਲ ਤੋਂ 'ਹੈਲੋ ਫਰਮਾਇਸ਼' ਪ੍ਰੋਗਰਾਮ ਚੱਲ ਰਿਹਾ ਸੀ, ਸਰੋਤਿਆਂ ਦੀ ਪਸੰਦ ਦੇ ਗੀਤ ਸੁਣਾਉਣ ਤੋਂ ਇਲਾਵਾ ਉਨ੍ਹਾਂ ਕੋਲੋਂ ਫੋਨ ਤੇ ਇਹ ਵੀ ਪੁੱਛਿਆ ਜਾ ਰਿਹਾ ਸੀ ਕਿ "ਅੱਜ ਕਲ੍ਹ ਲੋਕਾਂ ਵਿਚ ਬਹੁਤ ਸਾਰੇ ਪੈਸੇ ਖਰਚ ਕੇ ਗ਼ੈਰ-ਕਾਨੂੰਨੀ ਤੌਰ ਤੇ ਵਿਦੇਸ਼ ਜਾਣ ਦਾ ਸਿਲਸਿਲਾ ਬਹੁਤ ਜ਼ੋਰਾਂ ਤੇ ਹੈ......ਐਸਾ ਕਿਉਂ ਹੈ?" ਬਹੁਤਿਆਂ ਦਾ ਜਵਾਬ ਤਾਂ ਇਹੀ ਸੀ ਕਿ 'ਵਿਦੇਸ਼ ਜਾਵਾਂਗੇ ਤੇ ਢੇਰ ਸਾਰੇ ਪੈਸੇ ਕਮਾ ਕੇ ਲਿਆਵਾਂਗੇ ਤੇ ਸੁੱਖ ਦੀ ਜ਼ਿੰਦਗੀ ਬਸਰ ਕਰਾਂਗੇ।' ਇਕ ਪੜ੍ਹੀ ਲਿਖੀ ਮੈਡਮ ਜੋ ਕਿ ਅੰਗਰੇਜ਼ੀ ਵਿਚ ਵੀ ਗੱਲ ਕਰਦੀ ਸੀ, ਨੇ ਵੀ ਆਪਣੇ ਗੀਤ ਦੀ ਫਰਮਾਇਸ਼ ਕੀਤੀ। ਗੀਤ ਸੁਣਾਉਣ ਤੋਂ ਪਹਿਲਾਂ ਪ੍ਰੋਗਰਾਮ ਚਲਾਉਣ ਵਾਲੇ ਨੇ ਉਸਨੂੰ ਵੀ ਪੁਛਿਆ ਕਿ—ਅੱਜ ਕਲ੍ਹ ਲੋਕਾਂ ਦਾ ਰੁਝਾਨ ਬਾਹਰ ਜਾਣ ਵੱਲ ਨੂੰ ਬਹੁਤ ਹੈ.......ਉਹ ੪-੬ ਲੱਖ ਰੁਪੈ ਨਾਲ ਇਧਰ ਹੀ ਕਿਉਂ ਨਹੀਂ ਕੋਈ ਕਾਰੋਬਾਰ ਖੋਲ੍ਹ ਲੈਂਦੇ। ਇਸ ਦਾ ਕੀ ਕਾਰਨ ਹੈ? ਮੈਡਮ ਨੇ, ਚਾਹੇ ਬਾਹਰ ਜਾਣਾ ਹੋਵੇ ਜਾਂ ਨਾ ਜਾਣਾ ਹੋਵੇ....ਬਾਹਰ ਜਾਕੇ ਕੰਮ ਕਰਨਾ ਹੋਵੇ ਜਾਂ ਨਾ ਹੋਵੇ, ਉਸਨੇ ਬਹੁਤ ਹੀ ਵਧੀਆ ਤਰੀਕੇ ਨਾਲ ਅਨਾਊਂਸਰ ਨੂੰ ਜਵਾਬ ਦਿੱਤਾ। ਕਹਿਣ ਲੱਗੀ-"ਕੰਮ ਤਾਂ ਜ਼ਰੂਰ ਖੋਲ੍ਹ ਲਿਆ ਜਾਵੇ, ਪਰ ਤਜਰਬਾ ਵੀ ਤਾਂ ਹੋਣਾ ਚਾਹੀਦਾ ਹੈ। ਨਾਲੇ ਅੱਜ ਕਲ੍ਹ ਨਵੇਂ ਕੰਮ ਚਲਾਉਣੇ ਕਿਤੇ ਸੌਖੇ ਆ। ਜਿਹਨੂੰ ਪੁੱਛ ਲਓ ਇਹੀ ਕਹਿੰਦਾ ਹੈ-ਮੰਦਾ ਈ ਚੱਲ ਰਿਹਾ ਹੈ......ਮਸਾਂ ਦਾਲ-ਫੁਲਕਾ ਹੀ ਤੁਰਦਾ। ਦੂਸਰੇ ਪਾਸੇ ਬਦੇਸ਼ ਜਾਣ ਵਾਲਾ ਅਗਰ ਸਹੀ ਤਰੀਕੇ ਨਾਲ ਟਿਕਾਣੇ ਲੱਗ ਜਾਵੇ ਤਾਂ ਸਾਲ ਵਿਚ ਹੀ ਪੈਸੇ ਪੂਰੇ ਕਰ ਲੈਂਦਾ। ਏਸੇ ਕਰਕੇ ਹੀ ਦੁਨੀਆਂ ਬਦੇਸ਼ ਜਾਣਾ ਚੰਗਾ ਸਮਝਦੀ ਹੈ।"

ਮੇਰੇ ਖਿਆਲ ਮੁਤਾਬਿਕ ਮੈਡਮ ਦੀ ਇਹ ਦਲੀਲ ਬਿਲਕੁਲ ਠੀਕ ਹੈ। ਕੀ ਲੈਣਾ ਕਾਰੋਬਾਰ ਖੋਲ੍ਹਕੇ। ਕਿਉਂਕਿ ਕੰਮ ਖੋਲ੍ਹਣ ਵਿੱਚ ਸਿਰਦਰਦੀ ਬੜੀ ਐ। ਖਿਲਾਰਾ ਬੜਾ ਪਾਉਣਾ ਪੈਂਦਾ ਹੈ। ਫੇਰ ਖ਼ਬਰੇ ਕੰਮ ਚੱਲੇ ਜਾਂ ਨਾ ਚੱਲੇ। ਨਾਲੇ ਸਾਰੇ ਬੰਦੇ ਕੰਮ ਨਹੀਂ ਚਲਾ ਸਕਦੇ ਹੁੰਦੇ। ਜਿਹੜਾ ਬੰਦਾ ਹੈ ਈ ਅਨਪੜ੍ਹ ਉਹ ਕੰਮ ਕਿਵੇਂ ਚਲਾਊ। ਫਰਜ਼ ਕਰੋ ਕੋਈ ਬੰਦਾ ਰਾਜ ਮਿਸਤਰੀ ਦਾ ਜਾਂ ਲੇਬਰ ਦਾ ਕੰਮ ਉਨਾ ਕੁ ਹੀ ਜਾਣਦਾ ਹਊ, ਉਹ ਠੇਕੇਦਾਰੀ ਕਿਵੇਂ ਕਰ ਲਓ। ਉਸਨੂੰ ਤਾਂ ਦਿਹਾੜੀ ਹੀ ਠੀਕ ਰਹੂ। ਏਸ ਪੁਆੜੇ ਨਾਲੋਂ ਉਹ ਇਹੀ ਚੰਗਾ ਸਮਝਦਾ ਹੈ ਕਿ ਚੁੱਪ ਕਰਕੇ ਮਹੀਨਾ ਲਾਓ ਤੇ ਪੈਸੇ ਲੈ ਲਓ। ਕੰਮ ਤਾਂ ਉਹਨੇ ਇਧਰ ਵੀ ਕਰਨਾ ਹੈ ਤੇ ਵਿਦੇਸ਼ ਜਾਕੇ ਵੀ ਕੰਮ ਹੀ ਕਰਨਾ ਹੈ। ਫਰਕ ਏਨਾ ਹੈ ਕਿ ਇਧਰ ਉਸਨੂੰ ਪੂਰੀ ਉਜਰਤ ਨਹੀਂ ਮਿਲਦੀ, ਤੇ ਵਿਦੇਸ਼ ਵਿਚ ਕਈ ਗੁਣਾ ਜ਼ਿਆਦਾ ਪੈਸੇ ਮਿਲ ਜਾਂਦੇ ਹਨ। ਜਿਸ ਨਾਲ ਉਹ ਆਪਣਾ ਸਾਰਾ ਖਰਚ ਕੱਢ ਕੇ ਤੇ ਐਸ਼ ਨਾਲ ਘੁੰਮ ਕੇ ਖਰਚ ਕਰਕੇ ਵੀ ਪੈਸੇ ਬਚਾ ਲੈਂਦਾ ਹੈ ਤੇ ਉਹ ਘਰ ਵੀ ਕਾਫੀ ਪੈਸੇ ਭੇਜ ਦਿੰਦਾ ਹੈ। ਇਸ ਕਰਕੇ ਹੀ ਲੋਕ ਵਿਦੇਸ਼ ਜਾਕੇ ਪੈਸਾ ਕਮਾਉਣਾ ਜ਼ਿਆਦਾ ਪਸੰਦ ਕਰਦੇ ਹਨ।

ਨਾਲੇ ਵਿਦੇਸ਼ ਜਾਣਾ ਕਿਤੇ ਹੁਣੇ ਹੀ ਥੋੜ੍ਹੀ ਚਾਲੂ ਹੋਇਆ। ਭਾਰਤ ਅਜ਼ਾਦ ਹੋਣ ਤੋਂ ਪਹਿਲਾਂ ਵੀ ਤਾਂ ਲੋਕ ਵਿਦੇਸ਼ ਜਾਂਦੇ ਸਨ ਧਨ ਕਮਾਉਣ ਵਾਸਤੇ। ਸਭ ਨੂੰ ਪਤਾ ਹੋਣਾ....ਜ਼ਮੀਨਾਂ ਵਾਲੇ ਵੀ ਬਦੇਸ਼ੀਂ ਜਾਕੇ ਪੈਸੇ ਕਮਾ ਕੇ ਇਧਰ ਨੂੰ ਘੱਲਦੇ ਸਨ। ਜ਼ਮੀਨਾਂ ਤੋਂ ਕੋਈ ਆਮਦਨ ਨਹੀਂ ਸੀ ਹੁੰਦੀ, ਅੰਗਰੇਜ਼ਾਂ ਦਾ ਮਾਮਲਾ ਮਸਾਂ ਹੀ ਦੇ ਹੁੰਦਾ ਸੀ। ਏਸੇ ਕਰਕੇ ਜ਼ਮੀਨਾਂ ਗਹਿਣੇ ਰੱਖ ਕੇ ਬਦੇਸ਼ ਚਲੇ ਜਾਂਦੇ ਸਨ। ਲੱਕੜ ਦਾ ਕੰਮ ਕਰਨ ਵਾਲੇ ਲੋਕ ਅਫਰੀਕਾ, ਨੈਰੋਬੀ, ਯੂਗਾਂਡਾ ਤੇ ਸਿੰਘਾਪੁਰ ਮਲਾਇਆ ਵਗੈਰਾ ਜਾ ਕੇ ਡਟਕੇ ਕੰਮ ਕਰਦੇ ਤੇ ਬਹੁਤ ਸਾਰੇ ਪੈਸੇ ਕਮਾ ਕੇ ਘਰ ਨੂੰ ਲਿਆਉਂਦੇ ਸਨ। ਏਸੇ ਬਹਾਨੇ ਕਈ ਤਾਂ ਵਿਦੇਸ਼ਾਂ ਵਿਚ ਹੀ ਘਰ ਬਾਰ ਬਣਾ ਕੇ ਬਹਿ ਗਏ। ਅਜ਼ਾਦੀ ਤੋਂ ਬਾਦ ਇਕ ਦੌਰ ਐਸਾ ਆਇਆ ਕਿ ਯੌਰਪ ਦੇ ਮੁਲਕਾਂ ਨੇ ਲੇਬਰ ਵਾਸਤੇ ਵੀਜ਼ੇ ਖੋਲ੍ਹ ਦਿੱਤੇ ਸਨ। ਕੇਰਲ ਪ੍ਰਾਂਤ ਵਿਚੋਂ ਤੇ ਪੰਜਾਬ ਪ੍ਰਾਂਤ ਵਿਚੋਂ ਬੇਤਹਾਸ਼ਾ ਲੇਬਰ ਯੌਰਪ ਵਿਚ ਚਲੀ ਗਈ ਤੇ ਰਾਤ-ਪੁਰ-ਦਿਨ ਕੰਮ ਕਰਕੇ ਪੈਸਾ ਇਧਰ ਨੂੰ ਭੇਜਣ ਲੱਗ ਪਈ। ਤੇ ਉਸ ਪੈਸੇ ਦੀ ਬਦੌਲਤ ਲੋਕ ਖੁਸ਼ਹਾਲ ਹੋਣ ਲੱਗ ਪਏ। ਇੰਗਲੈਂਡ ਤੇ ਕੈਨੇਡਾ ਵਿਚੋਂ ਤਾਂ ਬਹੁਤ ਹੀ ਪੈਸਾ ਇਧਰ ਨੂੰ ਆਇਆ ਹੈ।

ਏਸੇ ਬਹਾਨੇ ਵਿਦੇਸ਼ੀ ਕਰੰਸੀ ਧੜਾਧੜ ਭਾਰਤ ਆਉਣ ਲੱਗ ਪਈ ਤੇ ਭਾਰਤ ਕੋਲ ਵਿਦੇਸ਼ੀ ਕਰੰਸੀ ਦਾ ਭੰਡਾਰ ਜਮ੍ਹਾਂ ਹੋ ਗਿਆ। ਜਿਸਦੇ ਬਦਲੇ ਵਿਦੇਸ਼ਾਂ ਤੋਂ ਮਸ਼ੀਨਰੀ ਤੇ ਹੋਰ ਤਕਨਾਲੋਜੀ ਦੀ ਆਮਦ ਸ਼ੁਰੂ ਹੋ ਗਈ ਤੇ ਭਾਰਤ ਵਿਚ ਨਵੇਂ ਨਵੇਂ ਕਾਰੋਬਾਰ ਖੁਲ੍ਹ ਗਏ। ਭਾਰਤ ਦੀ ਤਰੱਕੀ ਦਾ ਵੱਡਾ ਕਾਰਨ ਵਿਦੇਸ਼ੀ ਕਰੰਸੀ ਹੀ ਤਾਂ ਹੈ। ਪਹਿਲਾਂ ਤਾਂ ਜ਼ਮੀਨਾਂ ਵਾਲੇ ਹੀ ਬਾਹਰ ਜਾਂਦੇ ਸਨ, ਹੁਣ ਪਿਛਲੇ ੨੦ ਕੁ ਸਾਲ ਤੋਂ ਦਰਮਿਆਨੀ ਕੈਟੇਗਰੀ ਦੇ ਲੋਕ ਵੀ ਕੰਮ ਕਰਨ ਅਰਬ ਮੁਲਕਾਂ ਨੂੰ ਜਾਣ ਲੱਗ ਪਏ ਹਨ। ਉਹਨਾਂ ਨੇ ਵੀ ਵਿਦੇਸ਼ ਜਾਕੇ



Sri Satguru Jagjit Singh Ji eLibrary NamdhariElibrary@gmail.com

ਰਾਤ-ਦਿਨ ਮਿਹਨਤ ਕਰਕੇ ਆਪਣੀ ਗਰੀਬੀ ਦੀ ਹਾਲਤ ਸੁਧਾਰ ਲਈ ਹੈ। ਆਪਣੇ ਇਧਰ ਪੰਜਾਬ ਵਿਚ ਹੁਣ ਤਾਂ ਸ਼ਾਇਦ ਕੋਈ ਘਰ ਐਸਾ ਨਹੀਂ ਹੋਵੇਗਾ, ਜਿਸਦਾ ਕਿ ਇਕ-ਦੋ ਬੰਦੇ ਬਾਹਰ ਨਾ ਗਏ ਹੋਣ।

ਹਾਂ, ਏਨੀ ਗੱਲ ਜ਼ਰੂਰ ਹੈ ਕੁਝ ਸਾਲਾਂ ਤੋਂ ਬਲੈਕ ਵਿਚ ਬਾਹਰ ਜਾਣ ਦਾ ਚੱਕਰ ਵੀ ਚੱਲ ਪਿਆ ਹੈ। ਪਹਿਲਾਂ ਤਾਂ ਏਜੰਟ ਵਿਰਲੇ-ਟਾਵੇਂ ਨੂੰ ਵਿਜ਼ਟਰ ਦਾ ਵੀਜ਼ਾ ਲੁਆਕੇ ਵਿਦੇਸ਼ ਛੱਡ ਆਉਂਦੇ ਸਨ ਤੇ ਉਥੇ ਵੀ ਕੋਈ ਐਡੀ ਪੁੱਛਗਿਛ ਨਹੀਂ ਸੀ ਹੁੰਦੀ ਤੇ ਮਾਰੋ-ਮਾਰ ਪੈਸਾ ਘਰਾਂ ਨੂੰ ਆਉਂਦਾ ਸੀ। ਫਿਰ ਉਨ੍ਹਾਂ ਨੂੰ ਰਿਹਾਇਸ਼ੀ ਵੀਜ਼ੇ ਹੀ ਮਿਲ ਗਏ ਤੇ ਉਹ ਪੱਕੇ ਹੋ ਗਏ। ਹੌਲੀ ਹੌਲੀ ਉਨ੍ਹਾਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਵੀ ਸੱਦਕੇ ਪੱਕੇ ਕਰਵਾਇਆ। ਇਸੇ ਤਰ੍ਹਾਂ ਲੱਖਾਂ ਕਰੋੜਾਂ ਟੱਬਰ ਇੰਗਲੈਂਡ, ਕੈਨੇਡਾ, ਅਮਰੀਕਾ ਤੇ ਹੋਰ ਯੂਰਪੀਨ ਮੁਲਕਾਂ ਵਿਚ ਉਥੋਂ ਦੇ ਵਸ਼ਿੰਦੇ ਬਣ ਗਏ ਹਨ ਤੇ ਸ਼ਾਹੀ ਜ਼ਿੰਦਗੀ ਬਸਰ ਕਰਦੇ ਹਨ। ਉਨ੍ਹਾਂ ਬੰਦਿਆਂ ਦੀ ਤੜਕ-ਭੜਕ ਤੇ ਨੋਟਾਂ ਦੇ ਥੱਬਿਆਂ ਨੂੰ ਜੇਬ੍ਹਾਂ ਵਿਚੋਂ ਕੱਢਦਿਆਂ ਨੂੰ ਦੇਖਕੇ ਇਧਰਲੇ ਲੋਕਾਂ ਦਾ ਮਨ ਲਲਚਾਉਣ ਲੱਗਦਾ ਹੈ ਤੇ ਸੋਚਦੇ ਹਨ—ਕਿਤੇ ਸਾਡਾ ਵੀ ਬਾਹਰ ਜਾਣ ਦਾ ਗੇੜ ਬਣ ਜਾਵੇ.... ਅਸੀਂ ਵੀ ਖੁਸ਼ਕੀ ਚੁੱਕ ਦਈਏ ਘਰ ਦੀ। ਏਸ ਮਾਰ ਹੇਠ ਦਲਾਲਾਂ ਦੀਆਂ ਪੰਜੇ ਉਂਗਲਾਂ ਘਿਓ ਵਿਚ ਹੋ ਗਈਆਂ। ਬੰਦੇ ਨੂੰ ਗੱਲਾਂ ਨਾਲ ਭਰਮਾ ਕੇ ਜਾਲ੍ਹੀ ਤੌਰ ਤੇ ਬਾਹਰਲੇ ਮੁਲਕ ਦੇ ਬਾਰਡਰ ਤੇ ਛੱਡ ਦਿੰਦੇ ਹਨ ਤੇ ਉਥੋਂ ਉਨ੍ਹਾਂ ਦੇ ਬੰਦੇ ਬਾਰਡਰ ਪਾਰ ਕਰਾ ਦਿੰਦੇ ਹਨ। ਅੱਗੇ ਉਹਦੀ ਕਿਸਮਤ ਫੜ ਹੋ ਜਾਵੇ ਤੇ ਚਾਹੇ ਪੱਕਾ ਹੋ ਜਾਵੇ। ਏਜੰਟਾਂ ਨੂੰ ਕੀ ਏ ਚਾਹੇ ਜਾਂਦੀ ਰੰਡੀ ਹੋ ਜਾਵੇ, ਉਨ੍ਹਾਂ ਦੇ ਤਾਂ ਪੈਸੇ ਹੱਥ ਆਉਣੇ ਚਾਹੀਦੇ ਹਨ। ਕਈ ਵਿਚਾਰੇ ਤਾਂ ਜਹਾਜ਼ੋਂ ਉਤਰਦੇ ਹੀ ਨੱਪ ਹੋ ਜਾਂਦੇ ਹਨ ਤੇ ਉਹਨੀ ਪੈਰੀਂ ਖੋਟੇ ਪੈਸੇ ਵਾਂਗ ਵਾਪਸ ਘਰ ਨੂੰ ਮੁੜ ਆਉਂਦੇ ਹਨ ਤੇ ਉਹਨਾਂ ਦੇ ਸੁਪਨੇ ਮਲੀਆਮੇਟ ਹੋ ਜਾਂਦੇ ਹਨ ਤੇ ਕਰਜ਼ਾਈ ਵੱਖਰੇ ਹੋ ਜਾਂਦੇ ਹਨ।

ਕਈਆਂ ਦੀ ਤਾਂ ਮੱਛੀ ਪੱਥਰ ਚੱਟਕੇ ਹੀ ਵਾਪਸ ਮੁੜਦੀ ਹੈ ਵਾਲੀ ਗੱਲ ਹੈ। ਕਹਿ ਦਿੰਦੇ ਹਨ ਜਿੰਨੀ ਵਾਰੀ ਮਰਜ਼ੀ ਵਾਪਸ ਮੁੜ ਆਈਏ, ਇਕ ਵਾਰ ਵਿਦੇਸ਼ ਜ਼ਰੂਰ ਜਾਣਾ ਹੈ। ਅਖ਼ਬਾਰਾਂ ਵਿਚ ਅਕਸਰ ਦੂਜੇ-ਚੌਥੇ ਖ਼ਬਰਾਂ ਛਪਦੀਆਂ ਹੀ ਰਹਿੰਦੀਆਂ ਹਨ ਕਿ ਫਲਾਣੇ ਮੁਲਕ ਦਾ ਬਾਰਡਰ ਪਾਰ ਕਰਦੇ ਬੰਦੇ ਮੀਟ ਵਾਲੀਆਂ ਗੱਡੀਆਂ ਵਿਚੋਂ ਫੜੇ ਗਏ ਜਾਂ ਇਹ ਵੀ ਪੜ੍ਹਦੇ ਹਾਂ ਕਿ ਬੰਦਿਆਂ ਦਾ ਇਕ ਗਰੁਪ ਜੰਗਲਾਂ ਰਾਹੀਂ ਘੁੰਮਦਾ ਹੋਇਆ ਦੂਜੇ ਮੁਲਕ ਦੀ ਸਰਹੱਦ ਪਾਰ ਕਰਦਾ ਫੜਿਆ ਗਿਆ। ਪਿੱਛੇ ਜਿਹੇ ਇਕ ਖ਼ਬਰ ਪੜੀ ਕਿ ਇਕ ਬੰਦੇ ਤੇ ਬਾਹਰ ਜਾਣ ਦਾ ਭੂਤ ਸਵਾਰ ਸੀ। ਕਿਸੇ ਤਰੀਕੇ ਉਸ ਨੇ ਜਹਾਜ਼ ਦੇ ਪਹੀਏ ਫੜਕੇ ਘੰਟਿਆਂ ਬੱਧੀ ਸਫਰ ਕੀਤਾ। ਜਦੋਂ ਜਹਾਜ਼ ਉਤਰਿਆ ਉਸ ਵੇਲੇ ਉਹ ਫੜਿਆ ਗਿਆ। ਇਥੇ ਹੀ ਬੱਸ ਨਹੀਂ ਸਮੁੰਦਰਾਂ ਦੇ ਪਾਣੀਆਂ ਨੂੰ ਕੱਛਦੇ ਹੋਏ ਤੇ ਪਣਡੁੱਬੀਆਂ ਰਾਹੀਂ ਗੁਪਤ ਤਰੀਕੇ ਨਾਲ ਜਾਂਦੇ ਰਸਤੇ ਵਿਚ ਹੀ ਡੁੱਬ ਗਏ। ਮਾਲਟਾ ਦੇ ਪਾਣੀਆਂ ਵਿਚ ਦਲਾਲਾਂ ਨੇ ਬਾਹਰ ਜਾਣ ਦੇ ਝਾਂਸੇ ਵਿਚ ੨੦੦ ਬੰਦੇ ਨੂੰ ਇਕੱਠਾ ਕਰਕੇ ਕਿਸ਼ਤੀ ਰਾਹੀਂ ਪਾਰ ਲੰਘਾਉਣਾ ਸੀ, ਵਿਚਾਰਿਆਂ ਤੇ ਛਾਪਾ ਪੈ ਗਿਆ। ਭਗਦੜ ਮਚਣ ਨਾਲ ਕਿਸ਼ਤੀ ਡਾਵਾਂ ਡੋਲ ਹੋ ਗਈ ਤੇ ਵਿਦੇਸ਼ਾਂ ਦੇ ਸੁਪਨੇ ਲੈਂਦਿਆਂ ਦੀ ਸਮੁੰਦਰ ਵਿਚ ਹੀ ਡੁੱਬਕੂੰ-ਡੁਬਕੂੰ ਹੋ ਗਈ। ਪਿਛਲਿਆਂ ਨੂੰ ਪਿੱਟ-ਪਟਾਕਾ ਪੈ ਗਿਆ। ਨਾਲੇ ਜਾਨਾਂ ਗਈਆਂ ਨਾਲੇ ਪੈਸਾ ਗਿਆ। ਪਰ ਜਿੰਨ੍ਹਾਂ ਦੇ ਮਰ ਗਏ, ਉਹਨਾਂ ਦੇ ਮਰ ਗਏ ਕਿਸੇ ਨੂੰ ਕੀ।

ਭਾਵੇਂ ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਹੋ ਚੁੱਕੀਆਂ ਹਨ, ਪਰ ਵਿਦੇਸ਼ ਦਾ ਭੂਤ ਹੋਰ ਬੰਦੇ ਉਤੇ ਸਵਾਰ ਹੈ। ਬਾਹਰ ਜਾਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਵੈਸੇ ਤਾਂ ਅੱਜ ਕਲ੍ਹ ਬਹੁਤ ਘੱਟ ਮੁਲਕਾਂ ਵਿਚ ਲੇਬਰ ਦੀ ਜਾਂ ਟਰੇਂਡ ਬੰਦਿਆਂ ਦੀ ਲੋੜ ਹੈ, ਪਰ ਫਿਰ ਵੀ ਦੁਨੀਆਂ ਗੈਰ-ਕਾਨੂੰਨੀ ਤੌਰ ਤੇ ਜਾਕੇ ਏਜੰਟਾਂ ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਕੰਮ ਕਰਨ ਲਈ ਬਾਹਰ ਤੁਰੀ ਹੀ ਜਾ ਰਹੀ ਹੈ।

ਉਦਾਂ ਤਾਂ ਭਾਰਤ ਸਰਕਾਰ ਨੇ ਏਜੰਟਾਂ ਵੀ ਰਜਿਸਟਰਡ ਕੀਤੇ ਹੋਏ ਹਨ, ਜਿਹੜੇ ਕਿਸੇ ਮੁਲਕ ਤੋਂ ਡਿਮਾਂਡ ਆਉਣ ਤੇ ਬੰਦੇ ਭੇਜਦੇ ਹਨ। ਪਰ ਦੋ ਨੰਬਰ ਵਾਲੇ ਏਜੰਟ ਬਹੁਤ ਹਨ। ਵਿਦੇਸ਼ ਜਾਣ ਦੀ ਖਾਹਿਸ਼ ਰੱਖਣ ਵਾਲਿਆਂ ਨੂੰ ਚਾਹੀਦਾ ਇਹ ਹੈ ਕਿ ਕਿਸੇ ਰਜਿਸਟਰਡ ਦਲਾਲ ਰਾਹੀਂ ਹੀ ਡਿਮਾਂਡ ਦੇ ਅਧਾਰ ਤੇ ਬਾਹਰ ਜਾਣ, ਐਵੇਂ ਹੀ ਪੈਸਾ ਨਾ ਕਿਸੇ ਨੂੰ ਫੜਾ ਦੇਣ। ਵਿਦੇਸ਼ ਜਾ ਕੇ ਪੈਸਾ ਕਮਾਉਣਾ ਮਾੜੀ ਗੱਲ ਨਹੀਂ। ਮਾੜੀ ਗੱਲ ਤਾਂ ਇਹ ਹੈ ਕਿ ਅਸੀਂ ਝੂਠੇ ਏਜੰਟਾਂ ਦੀਆਂ ਗੱਲਾਂ ਵਿਚ ਆਕੇ ਫਸ ਜਾਂਦੇ ਹਾਂ। ਕਾਨੂੰਨੀ ਤੌਰ ਤੇ ਵੀਜ਼ਾ ਲੁਆਕੇ ਵਿਦੇਸ਼ ਜਾਣਾ ਚਾਹੀਦਾ ਹੈ, ਨਾ ਕਿ ਜਾਅਲੀ ਵੀਜ਼ਾ ਲੁਆਕੇ ਇਸ ਤਰ੍ਹਾਂ ਬਹੁਤ ਸਾਰੇ ਪੈਸੇ ਦਾ ਤਾਂ ਨੁਕਸਾਨ ਹੁੰਦਾ ਹੀ ਹੈ, ਨਾਲ ਲਗਦਾ ਖ਼ਤਰਾ ਇਹ ਵੀ ਬਣਿਆ ਰਹਿੰਦਾ ਹੈ ਕਿ ਕਿਤੇ ਫੜੇ ਹੀ ਨਾ ਜਾਈਏ। ਇਸ ਕਰਕੇ ਜੇ ਪ੍ਰਦੇਸ ਜਾਣਾ ਹੀ ਹੈ ਤਾਂ ਠੀਕ ਤਰੀਕੇ ਨਾਲ ਹੀ ਜਾਈਏ ਤਾਂ ਕਿ ਕਿਸੇ ਕਿਸਮ ਦਾ ਨੁਕਸਾਨ ਨਾ ਹੋਵੇ ਤੇ ਨਾ ਹੀ ਜਾਨ ਨੂੰ ਖ਼ਤਰਾ ਹੋਵੇ।

—ਬਲਦੇਵ ਮਾਧੋਪੁਰੀ

ਇਕਸੇ ਤਾਰ ਬਹਾਰ ਨ ਰਹਿੰਦੀ, ਨਹੀਂ ਇਕਸੇ ਤੌਰ ਜ਼ਮਾਨਾ।
ਹਰ ਇਕ ਚਾਲ ਨਹੀਂ ਅਲਬੇਲੀ, ਨਹੀਂ ਹਰ ਦਮ ਜ਼ੋਰ ਜਵਾਨਾ।
ਰੋਵਣ ਸੋਗ ਹਮੇਸ਼ ਨ ਹੋਵੇ, ਨਹੀਂ ਨਿਤ ਨਿਤ ਰਾਗ ਸ਼ਹਾਨਾ।
ਹਾਸ਼ਮ ਬੈਠ ਗਈਆਂ ਲਖ ਡਾਰਾਂ, ਇਹ ਜਗਤ ਮੁਸਾਫਰ ਖਾਨਾ।


Sri Satguru Jagjit Singh Ji eLibrary NamdhariElibrary@gmail.com

# "ਨਮੋ ਨਾਥ ਪੂਰੇ"—ਇਕ ਅਧਿਅਨ

—ਸੁਰਜੀਤ ਸਿੰਘ ਜੀਤ ਲੰਡਨ

ਪ੍ਰਿੰਸੀਪਲ ਬੇਅੰਤ ਕੌਰ ਜੀ ਦੀ ਇਹ ਕ੍ਰਿਤ ਗੁਰੂ ਜੋਤਿ, ਗੁਰਮਤਿ ਸਿਧਾਂਤ ਤੇ ਗੁਰਮੁਖਿ ਮਨਮੁਖਿ ਦੀ ਸੰਘਰਸ਼ ਭਾਵਨਾ ਅਤੇ ਸੰਤ ਜੀਵਨੀਆਂ ਦੀ ਚੇਤੰਨ ਗਿਆਨਵਾਨ ਪੁਸਤਕ ਹੀ ਨਹੀਂ ਹੈ, ਸਗੋਂ ਉਹ ਗੁਰੂ-ਜੀਵਨ ਦੀਆਂ ਘਟਨਾਵਾਂ, ਸੰਤ ਜੀਵਨੀਆਂ ਅਤੇ ਇਸਤਰੀ ਜਾਤੀ ਲਈ ਕੀਤੇ ਉਪਕਾਰਾਂ ਦੇ ਨਾਮਧਾਰੀ ਇਨਕਲਾਬ ਦੀ ਉਚਾਈ ਨੂੰ ਮੂਰਤੀਮਾਨ ਕਰੰਨ ਵਾਲੀ ਪਹਿਲੀ ਇਤਿਹਾਸਕ ਪੁਸਤਕ ਵੀ ਹੈ। ਅਜਿਹੀਆਂ ਕ੍ਰਿਤਾਂ ਬਹੁਤ ਹੀ ਘੱਟ ਮਿਲਦੀਆਂ ਹਨ। ਨਾਮਧਾਰੀ ਸਿੱਖ ਇਤਿਹਾਸਕਾਰਾਂ ਨੇ ਯਤਨ ਜ਼ਰੂਰ ਕੀਤਾ ਹੈ, ਪ੍ਰੰਤੂ ਫਿਰ ਵੀ ਸਰਲ ਭਾਸ਼ਾ ਅਤੇ ਵਿਦਵਤਾ ਨਾਲ ਲਿਖੀਆਂ ਪੁਸਤਕਾਂ ਦੀ ਘਾਟ ਹੈ, ਜਿਸ ਨੂੰ ਮਾਸਟਰ ਨਿਹਾਲ ਸਿੰਘ ਜੀ ਨੇ ਅਰੰਭਿਆਂ ਅਤੇ ਪ੍ਰਿੰਸੀਪਲ ਜੀ ਨੇ ਇਸ ਨੂੰ ਸਿਖਰ 'ਤੇ ਪਹੁੰਚਾਣ ਦਾ ਯਤਨ ਕੀਤਾ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਮੇਂ ਗੁਰੂ-ਪ੍ਰੇਮੀ ਸੰਤ-ਸਖਸ਼ੀਅਤਾਂ ਪ੍ਰਤੀ ਸੋਚ ਤੇ ਫਿਰ ਉਸ ਸੋਚ ਚਿੰਤਨ ਨੂੰ ਮੂਰਤੀਮਾਨ ਕਰਨ ਦੀ ਬੜੀ ਅਸਰ ਭਰਪੂਰ ਸ਼ੈਲੀ (ਸੰਤ) ਸੰਤ ਸਿੰਘ ਜੀ ਅਤੇ ਪ੍ਰਿੰਸੀਪਲ ਜੀ ਦੀ ਆਪਣੀ ਸਖਸ਼ੀਅਤ ਇਕ ਦੂਜੇ ਤੋਂ ਪ੍ਰਭਾਵਤ ਲਗਦੀ ਹੈ। ਮੂਲ ਰੂਪ ਵਿਚ ਪ੍ਰਿੰਸੀਪਲ ਬੇਅੰਤ ਕੌਰ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਬਾਰ ਵਲੋਂ ਚਲਾਏ ਪਹਿਲੇ ਸਕੂਲ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵਿਖੇ ਪ੍ਰਿੰਸੀਪਲ ਵਜੋਂ ਸੇਵਾ ਕਰਨ ਕਰਕੇ ਆਪ ਜੀ ਦਾ ਗੁਰੂ ਸਾਹਿਬਾਨ ਪ੍ਰਤੀ ਅਧਿਆਤਮਕ ਤੇ ਇਤਿਹਾਸ ਅਨੁਭਵ-ਗਿਆਨ ਬੜਾ ਡੂੰਘਾ, ਵਿਸ਼ਾਲ, ਸਾਰਥਿਕ ਤੇ ਯਥਾਰਥਿਕ ਹੈ ਪ੍ਰੰਤੂ ਸ਼ੁਧ ਰੂਪ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਇਕ ਗੁਰੂ-ਰੂਪ ਅਧਿਆਤਮ ਤੇ ਇਤਿਹਾਸਕ ਦੀਦਾਰ ਕਰਵਾਇਆ ਹੈ ਉਸ ਦਾ ਹੋਰ ਕੋਈ ਸਾਨੀ ਨਹੀਂ ਹੈ।

'ਨਮੋ ਨਾਥ ਪੂਰੇ' ਇਸ ਵਾਕ ਅੰਸ਼ ਨਾਲ ਅਰੰਭ ਹੋਈ ਇਹ ਸਾਰੀ ਪੁਸਤਕ ਗੁਰੂ ਰਾਮ ਸਿੰਘ ਜੀ ਦੀ ਬਹੁ-ਪੱਖੀ ਤੇ ਪ੍ਰਭਾਵਸ਼ਾਲੀ ਸ਼ਖਸੀਅਤ ਨੂੰ ਮੂਰਤੀਮਾਨ ਕਰਦੀ ਹੈ। ਜਿਨ੍ਹਾਂ ਗੁਰੂ ਜੀਵਨ ਘਟਨਾਵਾਂ ਦਾ ਜ਼ਿਕਰ ਪ੍ਰਿੰਸੀਪਲ ਜੀ ਨੇ ਆਪਣੀ ਪੁਸਤਕ ਵਿਚ ਕੀਤਾ ਹੈ ਉਸ ਤੋਂ ਜਾਪਦਾ ਹੈ ਕਿ ਆਪ ਜੀ ਦਾ ਅਨੁਭਵ ਸੰਤ-ਸ਼ਖਸੀਅਤਾਂ ਬਾਰੇ ਵੀ ਵਿਸ਼ਾਲ ਹੈ, ਅਤੇ ਇਸ ਪੁਸਤਕ ਦੇ ਅਧਿਆਵਾਂ ਦੇ ਪਾਠਨ ਤੋਂ ਸਹਿਜੇ ਹੀ ਸਪਸ਼ਟ ਹੁੰਦਾ ਹੈ ਕਿ ਆਪ ਜੀ ਦੀ ਸੋਚ ਅਧਿਆਤਮਕ ਹੋਣ ਦੇ ਨਾਲ-ਨਾਲ ਇਤਿਹਾਸਕ ਵੀ ਹੈ। ਇਕ ਇਤਿਹਾਸਕਾਰ ਵਰਗੀ ਸੋਚ ਹੈ। ਚੂੰਕਿ ਰਚਨਾ ਸਿਰਜਨ ਦਾ ਉਦੇਸ਼ ਗੁਰੂ ਸ਼ਖਸੀਅਤਾਂ ਦੀ ਉਸਤਤਿ ਕਰਨਾ ਹੈ, ਸਿਫਤ ਸਾਲਾਹ ਕਰਨਾ ਹੈ। ਇਸ ਲਈ ਪ੍ਰਿੰਸੀਪਲ ਜੀ ਵਧੇਰੇ ਸਾਹਿਤ ਵੀ ਹੋ ਗਏ ਹਨ। ਮਹਾਨ ਸਤਿਗੁਰਾਂ ਦੀ ਉਸਤਤਿ ਕਰਨ ਲਈ ਜਾਂ ਉਨ੍ਹਾਂ ਨੂੰ ਜੇਤੂ-ਯੋਧੇ ਸਾਬਤ ਕਰਨ ਲਈ ਸਾਹਿਤਕਾਰਾਂ ਨੂੰ ਸ਼ਬਦ-ਚੋਣ, ਸ਼ਬਦ-ਸਿਰਜਨ ਦੀ ਖਾਸ ਜ਼ਰੂਰਤ ਹੁੰਦੀ ਹੈ ਜਿਸ ਲਈ ਪ੍ਰਿੰਸੀਪਲ ਸਾਹਿਬਾ ਬਹੁਤ ਕਾਮਯਾਬ ਹੋਏ ਹਨ।

ਰਾਈਆਂ ਤੋਂ ਭੈਣੀ ਅਤੇ ਖਾਲਸਾ ਫੌਜ ਤੋਂ ਆ ਕੇ ਸ੍ਰੀ ਭੈਣੀ ਸਾਹਿਬ ਦੀ ਇੰਨੀ ਮਹਿਮਾ ਪ੍ਰਚੰਡ ਹੋਣ ਲਗ ਪਈ ਕਿ ਗੁਰੂ-ਪ੍ਰੰਪਰਾ ਦੇ ਆਸ਼ਕ ਗੁਰਸਿਖੀ ਦੇ ਸਿੰਘ, ਆਤਮਿਕ ਸ਼ਾਤੀ ਦੇ ਖੋਜਾਰਥੀ ਅਤੇ ਦੇਸ਼ ਧਰਮ ਦੇ ਧਰਸੀ ਫੌਜੀ ਦੂਰ ਦੂਰ ਤੋਂ ਸ੍ਰੀ ਭੈਣੀ ਸਾਹਿਬ ਆਉਣ ਲਗ ਪਏ। ਹਰ ਪਾਸੇ ਗੁਰੂ ਰਾਮ ਸਿੰਘ ਜੀ ਦੀ ਪਾਰਬ੍ਰਹਮ ਸ਼ਖਸੀਅਤ ਸਿਖਾਂ ਅਤੇ ਸੰਗਤਾਂ ਵਲੋਂ ਮਿਲ ਰਹੇ ਸਤਿਕਾਰ-ਨਮਸਕਾਰ ਦੀ ਚਰਚਾ ਦਾ ਕੇਂਦਰ ਬਣ ਗਈ। ਗੁਲਾਮ ਭੀਖ ਜਲੰਧਰੀ ਦੇ ਕਥਨ ਮੁਤਾਬਕ ਕੁਝ ਸਮੇਂ ਵਿਚ ਹੀ ਦਸ ਲੱਖ ਪੈਰੋਕਾਰ ਬਣ ਗਏ। ੧੮੬੩ ਦੀ ਪਹਿਲੀ ਰਿਪੋਰਟ ਅਨੁਸਾਰ ਪਹਿਲਾਂ ਪਹਿਲਾਂ ਆਪ ਜੀ ਨੂੰ ਗੁਰੂ ਨਾਨਕ ਦਾ ਅਵਤਾਰ, ਫਿਰ ਗੁਰੂ ਗੋਬਿੰਦ ਸਿੰਘ ਦਾ ਸ਼ਾਖਸ਼ਾਤ ਅਵਤਾਰ ਮੰਨਣ ਲਗ ਪਏ। ਇਸੇ ਕਰਕੇ ਹੀ ੧੮੬੩-੧੮੬੬ ਨਜ਼ਰਬੰਦੀ ਸ੍ਰੀ ਭੈਣੀ ਸਾਹਿਬ ਦਾ ਜ਼ਿਕਰ ਪ੍ਰਿੰਸੀਪਲ ਜੀ ਨੇ ਕੀਤਾ ਹੈ।

ਪ੍ਰਿੰਸੀਪਲ ਜੀ ਨੇ ਗੁਰੂ ਰਾਮ ਸਿੰਘ ਜੀ ਦਾ ਜਿਹੜਾ ਅਧਿਆਤਮਕ ਚਿੱਤਰ ਅਤੇ ਇਕ ਦੇਸ਼ ਭਗਤ ਯੋਧੇ ਸੰਤ ਸਿਪਾਹੀ ਨਿਰਵੈਰ-ਨਿਰਭਉ ਸਤਿਗੁਰੂ ਦਾ ਜ਼ਿਕਰ ਇਸ ਪੁਸਤਕ ਵਿਚ ਹੈ, ਉਹ ਯਥਾਰਥਿਕ ਤੇ ਸਿਧਾਂਤਕ ਵਿਆਖਿਆ ਨਾਲ ਕੀਤਾ ਹੈ ਜੋ ਕਿ ਇਕ ਇਤਿਹਾਸਕ ਸਚਾਈ ਹੈ। ਸਤਿਗੁਰੂ ਜੀ ਨੇ ਆਪਣੀਆਂ ਬਖਸ਼ਿਸ਼ਾਂ ਕਰਕੇ ਸਮਾਜ ਨੂੰ ਇੰਨਾ ਸੰਵਾਰ ਦਿੱਤਾ ਕਿ ਇੰਜ ਲਗਦਾ ਹੈ ਕਿ ਸੱਚ ਮੁੱਚ ਧਰਤੀ ਉਤੇ ਇਕ ਕਰਾਮਾਤ ਵਾਪਰ ਗਈ ਸੀ, ਗੁਲਾਮ ਮੁਲਕ ਦੇ ਅਜਿੱਤ ਯੋਧਿਆਂ ਦੀ ਨੇੜਲੇ ਪਿਛੋਕੜ



Sri Satguru Jagjit Singh Ji eLibrary NamdhariElibrary@gmail.com

ਦੀ ਹਾਰ ਨਾਲ ਮਿਲੀ ਨਿਰਾਸ਼ਾ ਅਤੇ ਸਦੀਆਂ ਤੋਂ ਅਬਲਾ ਬਣੀ ਔਰਤ ਦੇ ਚਿਹਰੇ ਤੇ ਨਿਖਾਰ ਆ ਗਿਆ। ਨਿਰਾਸ਼ਾ ਆਸ਼ਾ ਵਿਚ ਬਦਲ ਗਈ, ਭਾਰਤ ਦੀ ਆਜ਼ਾਦੀ ਲਈ ਨਰ-ਨਾਰੀ ਲਾਮਬੱਧ ਹੋ ਗਏ। ਅੰਤ ਇਹ ਧੰਨ ਸਤਿਗੁਰੂ, ਮਹਾਨ, 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥" ਮੁਲਕ ਕੀ ਗੁਲਾਮੀ ਨਾ ਸਹਾਰਦੇ ਹੋਏ ਆਪਣੇ ਸਿਖਾਂ ਨੂੰ ਕੁਰਬਾਨੀ ਦਾ ਰਾਹ ਦਿਖਾ ਕੇ ਆਪ ਵਨਵਾਸ ਵਿਚ ਜਾ ਬੈਠੇ। ਪ੍ਰਿੰਸੀਪਲ ਜੀ ਮੁਤਾਬਕ ਸਤਿਗੁਰੂ ਜੀ ੨੯-੧੧-੧੮੮੫ ਨੂੰ ਆਪਣੀ ਚਮਤਕਾਰੀ ਸ਼ਕਤੀ ਨਾਲ ਜੇਲ੍ਹ ਵਿਚੋਂ ਅਲੋਪ ਹੋ ਗਏ। ਇਹ ਸਰਕਾਰੀ ਰੀਕਾਰਡ ਵਿਚ ਦਰਜ ਕੀਤੇ ਦੀ ਕਾਪੀ ਹੈ। ਅਸਲ ਵਿਚ ਆਪ ਜੀ ਬਾਰੇ ਇਸ ਤੋਂ ਅਗਲਾ ਮਿਲਿਆ ਦਸਤਾਵੇਜ਼ ਦਸਦਾ ਹੈ ਕਿ ਆਪ ਜੀ ਨੂੰ ਕਿਸੇ ਅਣਕਿਆਸੀ (Remote Area) ਜਗ੍ਹਾ ਭੇਜਣ ਦਾ ਵਿਚਾਰ ਬਣਾਇਆ ਗਿਆ। ਇਸ ਤੋਂ ਵੀ ਅਗਲਾ ਦਸਤਾਵੇਜ਼ ਮਈ ੧੮੮੬ ਈ. ਦਾ ਇਹ ਦਰਸ਼ਾ ਰਿਹਾ ਹੈ ਕਿ ਉਨ੍ਹਾਂ ਨੂੰ ਸਮੁੰਦਰੀ ਜ਼ਹਾਜ ਵਿਚ ਸਵਾਰ ਕਰਕੇ ਕਿਸੇ ਅਣ-ਦੱਸੀ, ਅਣਕਿਆਸੀ ਜਗ੍ਹਾ ਭੇਜਿਆ ਜਾ ਰਿਹਾ ਸੀ ਜਦਕਿ (ਸਤਿਗੁਰੂ ਜੀ) ਆਪ ਜੀ ਜਹਾਜ਼ ਵਿਚੋਂ ਅਲੋਪ ਹੋ ਗਏ। ਇਸੇ ਤਰ੍ਹਾਂ ਹੀ ਇਸ ਪੁਸਤਕ ਵਿਚ ਕੁਝ ਕੁ ਇਤਿਹਾਸਕ ਊਣਤਾਈਆਂ ਹਨ ਅਸਲ ਵਿਚ ਬੀਬੀ ਜੀ ਨੇ ਇਹ ਪੁਸਤਕ ਸਾਹਿਤਕ ਨਜ਼ਰੀਏ ਨਾਲ ਜ਼ਿਆਦਾ ਲਿਖੀ ਜਾਪਦੀ ਹੈ। ਇਤਿਹਾਸਕ ਤੱਥਾਂ ਉਪਰ ਘੱਟ ਜ਼ੋਰ ਦਿੱਤਾ ਹੈ। ਆਪ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਰਮਾ ਵਿਚ ਵੀ ਅੰਗਰੇਜ਼ਾਂ ਦੀ ਗੁਲਾਮੀ ਵਿਰੁੱਧ ਅੰਦੋਲਨ ਜਾਰੀ ਰੱਖਿਆ। ਬਰਮਾ ਦੇ ਬਾਦਸ਼ਾਹ ਨੂੰ ਵੀ ਆਪਣੇ ਆਜ਼ਾਦ ਖਿਆਲਾਂ ਮਗਰ ਲਾ ਲਿਆ, ਜਿਸ ਕਰਕੇ ਬਰ੍ਹਮਾ ਦਾ ਬਾਦਸ਼ਾਹ ਥਿਬੂ (Theboe-Thebu) ਅੰਗਰੇਜੀ ਸਰਕਾਰ ਵਿਰੁੱਧ ਹੋ ਗਿਆ। ਜਿਸ ਨੂੰ ੨੯-੧੧-੧੮੮੫ ਵਾਲੇ ਦਿਨ ਹਿੰਦੋਸਤਾਨ ਵਿਖੇ ਜਲਾਵਤਨ ਕੀਤਾ ਗਿਆ ਸੀ ਉਸੇ ਦਿਨ ਕਾਗਜ਼ਾਂ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਲੋਪ ਹੋਣ ਦਾ ਜ਼ਿਕਰ ਹੈ ਪ੍ਰੰਤੂ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਬਾਬਤ ਮਿਲੇ ਦਸਤਾਵੇਜ਼ ਇਸ ਤੱਥ ਨੂੰ ਝੁਠਲਾ ਕੇ ਸੱਚਾਈ ਪ੍ਰਗਟ ਕਰਦੇ ਹਨ ਕਿ ਆਪ ਜੀ ਮਈ ੧੮੮੬ ਤੱਕ ਅੰਗਰੇਜ਼ੀ ਸਰਕਾਰ ਦੀ ਕੈਦ ਵਿਚ ਰਹੇ ਹਨ ਅਤੇ ਸਮੁੰਦਰੀ ਜਹਾਜ਼ ਵਿਚੋਂ ਅਲੋਪ ਹੋਏ ਸਨ।

ਇਸ ਪੁਸਤਕ ਵਿਚਲੇ 'ਨਾਰੀ ਨੂੰ ਸਨਮਾਨਿਤ ਸਥਾਨ' ਨੇ ਬਹੁਤ ਪ੍ਰਭਾਵਤ ਕੀਤਾ ਹੈ। ਇਸ ਅਧਿਆਇ ਨੂੰ ਲਿਖਣ ਲਗਿਆਂ ਪ੍ਰਿੰਸੀਪਲ ਜੀ ਨੇ ਕਾਫੀ ਮਿਹਨਤ ਕੀਤੀ ਹੈ। ਇਕ ਨਾਰੀ ਹੋਣ ਦੇ ਨਾਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਾਂਝੇ ਸੰਤ-ਖਾਲਸਾ ਪੰਥ ਵਿਚ ਜੋ ਸਹੂਲਤਾਂ ਜਾਂ ਉੱਚ ਦਰਜਾ ਪ੍ਰਾਪਤ ਕਰਕੇ ਮਾਣ ਸਨਮਾਨ ਆਪ ਜੀ ਨੇ ਪ੍ਰਾਪਤ ਕੀਤਾ ਹੈ ਉਸ ਲਈ ਕ੍ਰਿਤਾਰਥ ਹਨ। ਇਹ ਅਧਿਆਇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਸਤਰੀ ਜਾਤੀ ਤੇ ਕੀਤੇ ਉਪਕਾਰਾਂ ਦੀ ਸਾਖੀ ਸੁਣਾਉਂਦਾ ਹੈ। ਗੁਰੂ ਰਾਮ ਸਿੰਘ ਜੀ ਦੀ ਪ੍ਰਤਿੱਭਾ, ਉਨ੍ਹਾਂ ਦੀ ਬੋਲ-ਬਾਣੀ, ਉਨ੍ਹਾਂ ਦੀ ਸੁੱਖ-ਸਹਿਜ ਤੇ ਹਰਿ-ਪਿਆਰ ਵਾਲੀ ਗ੍ਰਿਹਸਥ-ਜੀਵਨ ਅਵਸਥਾ ਤੋਂ ਸਪਸ਼ਟ ਦਿਸਦਾ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਆਪ ਗੁਰੂ ਰਾਮ ਸਿੰਘ ਜੀ ਦੇ ਸਰੂਪ ਵਿਚੋਂ ਦ੍ਰਿਸ਼ਟੀਮਾਨ ਹੋ ਰਹੇ ਹਨ। ਗੁਰੂ-ਪ੍ਰੀਵਰਤਨ ਦੀ ਕ੍ਰਿਆ ਤੋਂ ਪੈਣ ਵਾਲੇ ਭਰਮ ਭੁਲੇਖੇ ਦੂਰ ਕਰਨ ਲਈ ਹੀ ਪ੍ਰਿੰਸੀਪਲ ਜੀ ਨੇ ਸਾਰੀਆਂ ਕਰਾਮਾਤਿਕ ਕ੍ਰਿਆਵਾਂ ਗੁਰੂ ਰਾਮ ਸਿੰਘ ਵਿਚ ਵੀ ਦਰਸਾਈਆਂ ਹਨ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ 'ਸੋ ਕਿਉ ਮੰਦਾ ਆਖੀਐ' ਤਦ ਇਸ ਨੂੰ ਕ੍ਰਿਆਤਮਕ ਰੂਪ ਵਿਚ ਗੁਰੂ ਰਾਮ ਸਿੰਘ ਜੀ ਨੇ ਨਾਰੀ ਨੂੰ ਬਰਾਬਰਤਾ ਦੇ ਕੇ ਸਥਾਪਤ ਕੀਤਾ। ਪ੍ਰਿੰਸੀਪਲ ਜੀ ਨੇ ਇਸ ਨੂੰ ਵਿਆਖਿਆ ਸਹਿਤ ਬਿਆਨਿਆ ਅਤੇ ਸਥਾਪਤ ਕੀਤਾ ਕਿ ਗੁਰੂ ਰਾਮ ਸਿੰਘ ਹੀ ਗੁਰੂ ਨਾਨਕ ਦੇਵ ਜੀ ਹਨ।

ਇਹ ਪੁਸਤਕ ਪੜ੍ਹ ਕੇ ਪਾਠਕ ਸੰਤ ਧਿਆਨ ਸਿੰਘ ਕਾਦਰਾਬਾਦੀ ਜੀ ਦੇ ਕਥਨ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਨੂੰ 'ਧੰਨ ਧੰਨ ਸਤਿਗੁਰੂ ਰਾਮ ਸਿੰਘ ਜੀ' ਪੁਕਾਰ ਉਠਦਾ ਹੈ। ਹਰ ਗੁਰਸਿੱਖ ਉਨ੍ਹਾਂ ਦੀ ਜੀਵਨ ਕ੍ਰਿਆ, ਗੁਰਸਿਖੀ ਮਰਯਾਦਾ, ਘਾਲਿ-ਕਮਾਈ ਤੇ ਪ੍ਰਤਿਭਾ-ਪ੍ਰਭਾਵ ਤੋਂ ਬਲਿਹਾਰ ਵੀ ਜਾਂਦਾ ਹੈ ਅਤੇ ਵਾਰ ਵਾਰ ਸਿੱਜਦਾ ਕਰਦਾ ਹੋਇਆ 'ਧੰਨ-ਧੰਨ-ਧੰਨ' ਪੁਕਾਰ ਉਠਦਾ ਹੈ।

ਰੱਬ ਇਕ ਹੈ, ਦੋ ਨਹੀਂ ਹਨ। ਵੱਖ-ਵੱਖ ਲੋਕ ਉਸਨੂੰ ਵੱਖ-ਵੱਖ ਨਾਵਾਂ ਨਾਲ ਪੁਕਾਰਦੇ ਹਨ। ਕੁਝ ਉਹਨਾਂ ਨੂੰ ਅੱਲਾਹ ਕਹਿੰਦੇ ਹਨ, ਕੁਝ ਰੱਬ ਕਹਿੰਦੇ ਹਨ, ਕੁਝ ਕ੍ਰਿਸ਼ਨ ਕਹਿੰਦੇ ਹਨ, ਕੁਝ ਸ਼ਿਵ ਕਹਿੰਦੇ ਹਨ ਅਤੇ ਕੁਝ ਬ੍ਰਹਮਾ ਕਹਿੰਦੇ ਹਨ। ਇਹ ਇਕ ਝੀਲ ਦੇ ਪਾਣੀ ਵਾਂਗ ਹੈ। ਕੁਝ ਇਸਨੂੰ ਇਕ ਥਾਂ ਤੇ ਪੀਂਦੇ ਹਨ ਅਤੇ ਇਸਨੂੰ ਜਲ ਕਹਿੰਦੇ ਹਨ ਅਤੇ ਕੁਝ ਹੋਰ ਇਸਨੂੰ ਤੀਜੀ ਥਾਂ ਤੋਂ ਪੀਂਦੇ ਹਨ ਅਤੇ ਇਸਨੂੰ ਵਾਟਰ ਕਹਿੰਦੇ ਹਨ। ਪਰਤੂੰ ਇਹ ਸਭ ਇਕ ਹੀ ਚੀਜ਼ ਹੁੰਦਾ ਹੈ।

—ਰਾਮਕ੍ਰਿਸ਼ਨ ਪਰਮਹੰਸ



Sri Satguru Jagjit Singh Ji eLibrary NamdhariElibrary@gmail.com

# ਖ਼ਬਰਨਾਮਾ

## ਨਵਯੁੱਗ ਵਲੋਂ ਛਾਪੀਆਂ ਪੁਸਤਕਾਂ "ਤਿੱਲ ਫੁਲ" ਅਤੇ "ਇਕਵੰਜਾ ਕਹਾਣੀਆਂ" ਵਾਸਤੇ ਭਾਪਾ ਪ੍ਰੀਤਮ ਸਿੰਘ ਸਨਮਾਨਿਤ

ਭਾਪਾ ਪ੍ਰੀਤਮ ਸਿੰਘ ਜੀ ਵਲੋਂ ਪੰਜਾਬੀ ਪੁਸਤਕਾਂ ਪ੍ਰਕਾਸ਼ਤ ਕਰਨ ਵਾਲਾ ਅਦਾਰਾ ਨਵਯੁਗ ਪਬਲਿਸ਼ਰਜ਼ ਪੁਸਤਕਾਂ ਦੀ ਸ਼ਾਨਦਾਰੀ ਛਪਾਈ ਅਤੇ ਪੇਸ਼ਕਾਰੀ ਵਾਸਤੇ ਸਰਵੋਤਮ ਹੈ। ਨਵਯੁਗ ਵਲੋਂ ਛਾਪੀਆਂ/ਪ੍ਰਕਾਸ਼ਤ ਪੁਸਤਕਾਂ ਦੀ ਆਪਣੀ ਇਕ ਨਵੇਕਲੀ ਛੱਬ ਹੈ। ਪੁਸਤਕ ਵਿਉਂਤਣ, ਛਾਪਣ ਅਤੇ ਜਿਲਦਸਾਜ਼ੀ ਦੀਆਂ ਸਾਰੀਆਂ ਤਕਨੀਕੀ ਬਾਰੀਕੀਆਂ ਤੋਂ ਇਲਾਵਾ ਉਚ ਪੱਧਰ ਦੀ ਸਾਹਿਤਕ ਸਾਮਗਰੀ ਦੀ ਚੋਣ ਅਤੇ ਵਧੀਆ ਕਾਗਜ਼ ਅਤੇ ਕਲਾਮਈ ਟਾਈਟਲ ਸਭੋ ਕੁਝ ਹੀ ਅੱਖਾਂ ਅਤੇ ਮਨ ਨੂੰ ਭਾਉਂਦਾ ਹੈ। ਭਾਪਾ ਪ੍ਰੀਤਮ ਸਿੰਘ ਜੀ ਵਿਚ ਇਕ ਕਰਤਾਰੀ ਸ਼ਕਤੀ ਹੈ ਜਿਸ ਕਾਰਨ ਉਹਨਾਂ ਪੰਜਾਬੀ ਦੇ ਸਭ ਸਿਰਮੌਰ ਲੇਖਕਾਂ ਦੀਆਂ ਕਲਾ ਕ੍ਰਿਤੀਆਂ ਨੂੰ ਇਕੋ ਜਾਂ ਇਕ ਤੋਂ ਵਧ ਜਿਲਦਾਂ ਵਿਚ ਸਾਂਭ ਕੇ ਐਸੇ ਗ੍ਰੰਥਾਂ ਦੀ ਸਿਰਜਣਾ ਕੀਤੀ ਹੈ ਜੋ ਪੜ੍ਹਨ ਦੇ ਪੱਖੋਂ, ਦੇਖਣ ਪੱਖੋਂ ਅਤੇ ਘਰ ਦੇ ਸ਼ਿੰਗਾਰ ਦੇ ਪੱਖੋਂ ਵੀ ਉਪਮਾ ਯੋਗ ਹਨ। ਇਸੇ ਕਰਕੇ ਲੰਮੇ ਸਮੇਂ ਤੋਂ ਭਾਪਾ ਪ੍ਰੀਤਮ ਸਿੰਘ ਜੀ ਨਵਯੁਗ ਪਬਲਿਸ਼ਰਜ਼ ਰਾਹੀਂ ਚੰਗੀਆਂ ਸੁੰਦਰ ਮਿਆਰੀ ਪੁਸਤਕਾਂ ਛਾਪਣ ਵਿਚ ਵਕਾਰੀ ਸਨਮਾਨ ਪ੍ਰਾਪਤ ਕਰਦੇ ਆ ਰਹੇ ਹਨ। ਇਹ ਇਕ ਆਪਣੇ ਆਪ ਵਿਚ ਇਤਿਹਾਸ ਹੈ। ਜੇ ਭਾਪਾ ਪ੍ਰੀਤਮ ਜੀ ਇਸ ਇਤਿਹਾਸ ਨੂੰ ਕਲਮ ਬੰਦ ਕਰ ਦੇਣ ਤਾਂ ਇਹ ਬਹੁਤਿਆਂ ਵਾਸਤੇ ਮਾਰਗ ਦਰਸ਼ਨ ਹੋਵੇਗਾ। ਇਹ ਪੰਜਾਬੀ ਪ੍ਰਕਾਸ਼ਨਾਵਾਂ ਦੇ ਇਤਿਹਾਸ ਦੀ ਗੌਰਵਮਈ ਗਾਥਾ ਹੋਵੇਗੀ।

ਹੁਣੇ ਹੁਣੇ ਹੀ ਜਨਵਰੀ ਵਿਚ ਭਾਰਤੀ ਪ੍ਰਕਾਸ਼ਕਾਂ ਦੀ ਵੱਡੀ ਸੰਸਥਾ 'ਦੀ ਫੈਡਰੇਸ਼ਨ ਆਫ ਇੰਡੀਅਨ ਪਬਲਿਸ਼ਰਜ਼' ਨੇ ਪੁਸਤਕਾਂ ਦੀ ਛਪਾਈ ਵਿਚ ਕਮਾਲ ਕਰਨ ਵਾਲੇ ਪ੍ਰਕਾਸ਼ਕਾਂ ਨੂੰ ਸਾਲ ੨੦੦੨ ਦੇ ਪੁਰਸਕਾਰਾਂ ਦਾ ਐਲਾਨ ਕੀਤਾ ਹੈ। ਇਹਦੇ ਵਿਚ ਪੰਜਾਬੀ ਵਿਚ ਪਹਿਲਾ ਪੁਰਸਕਾਰ ਨਵਯੁਗ ਵਲੋਂ ਛਪੀ ਪੁਸਤਕ 'ਤਿਲ ਫੁਲ' ਨੂੰ ਦਿਤਾ ਗਿਆ ਹੈ। ਇਹ ਡਾ. ਵਰਿਆਮ ਸਿੰਘ ਸੰਧੂ ਦੀਆਂ ਅੱਜ ਤਕ ਦੀਆਂ ਸਾਰੀਆਂ ਕਹਾਣੀਆਂ ਦੇ ਸੰਗ੍ਰਹਿ ਦੀ ਪੁਸਤਕ ਹੈ। ਦੂਸਰਾ ਪੁਰਸਕਾਰ ਵੀ ਨਵਯੁਗ ਨੂੰ ਪ੍ਰਾਪਤ ਹੋਇਆ ਹੈ। ਇਹ ਪੁਸਤਕ ਹੈ "ਇਕਵੰਜਾ ਕਹਾਣੀਆਂ"। ਸਬਬ ਨਾਲ ਇਹ ਵੀ ਕਹਾਣੀਆਂ ਦੀ ਪੁਸਤਕ ਹੈ ਅਤੇ ਇਸ ਵਿਚ ਪੰਜਾਬੀ ਦੇ ਹਰਮਨਪਿਆਰੇ ਸਾਹਿਤਕਾਰ ਸ. ਗੁਰਬਚਨ ਸਿੰਘ ਭੁੱਲਰ ਦੀਆਂ ਇਕਵੰਜਾ ਕਹਾਣੀਆਂ ਹਨ। ਇਹ ਦੋਵੇਂ ਪੁਸਤਕਾਂ ਇਵੇਂ ਹਨ ਜਿਵੇਂ ਸੋਹਣੇ ਸਰੀਰਾਂ ਵਿਚ ਖ਼ੂਬਸੂਰਤ ਰੂਹਾਂ ਹੋਣ।

ਭਾਪਾ ਪ੍ਰੀਤਮ ਸਿੰਘ ਜੀ ਦੀ ਆਪਣੀ ਸਦ-ਖਿੜੀ ਆਤਮਾ ਦੀ ਖ਼ੁਸ਼ਬੋ ਇਹਨਾਂ ਦੁਆਰਾ ਛਾਪੀਆਂ ਪੁਸਤਕਾਂ ਚੋਂ ਆਉਂਦੀ ਹੈ। ਪੰਜਾਬੀ ਪੁਸਤਕਾਂ ਨੂੰ ਅਤੇ ਬਹੁਤ ਵਧੀਆ ਪੁਸਤਕਾਂ ਨੂੰ ਘਰੋ ਘਰੀ ਪਹੁੰਚਾਣ ਵਾਸਤੇ ਵੀ ਪੰਜਾਬੀ ਸਾਹਿਤ ਸਭਾ ਦਿੱਲੀ ਰਾਹੀਂ ਭਾਪਾ ਜੀ ਦਾ ਉਦਮ ਬਹੁਤ ਸ਼ਲਾਘਾ ਯੋਗ ਹੈ। ਨਵੀਂ ਦਿੱਲੀ ਵਿਚ ਆਪਣੇ ਸਮਰਥ ਅਤੇ ਸਮਰਪਿਤ ਸਾਥੀਆਂ ਨਾਲ ਸ਼ਾਨਦਾਰ ਪੰਜਾਬੀ ਭਵਨ ਦੀ ਉਸਾਰੀ ਅਤੇ ਲੋੜਵੰਦ ਲੇਖਕਾਂ ਦੀ ਸਮੇਂ ਸਮੇਂ ਸਹਾਇਤਾ ਦੇ ਪ੍ਰੋਗਰਾਮ ਭਾਪਾ ਜੀ ਦੀ ਉੱਚ ਦੁਮਾਲੜੀ ਸ਼ਖਸੀਅਤ ਨੂੰ ਹੋਰ ਉੱਚਾ ਕਰਦੇ ਹਨ। ਡਰਦਿਆਂ ਡਰਦਿਆਂ ਜੇ ਇਹ ਕਹਿ ਦਿੱਤਾ ਜਾਵੇ ਕਿ ਭਾਪਾ ਪ੍ਰੀਤਮ ਸਿੰਘ ਨੇ ਪੰਜਾਬੀ ਦੀਆਂ ਪੁਸਤਕਾਂ ਦੀ ਸ਼ਾਨ ਬਨਾਉਣ ਵਾਸਤੇ ਹੀ ਅਵਤਾਰ ਧਾਰਿਆ ਹੈ ਤਾਂ ਅਤਿ ਕਥਨੀ ਨਹੀਂ ਸਮਝਣਾ ਚਾਹੀਦਾ।

ਭਾਪਾ ਪ੍ਰੀਤਮ ਸਿੰਘ ਪੰਜਾਬੀ ਸਾਹਿਤ ਦਾ ਸਰਮਾਇਆ ਹਨ ਅਤੇ ਪੰਜਾਬੀ ਕੌਮ ਦਾ ਮਾਣ ਹਨ। ਪੰਜਾਬੀ ਪੁਸਤਕਾਂ, ਪੁਸਤਕਾਂ ਦੇ ਮੇਲੇ ਵਿਚ ਸਿਰਕਢਵੀਆਂ ਹਨ। ਇਹ ਗੱਲ ਕੋਈ ਘੱਟ ਅਹਿਮੀਅਤ ਵਾਲੀ ਹੈ। 'ਤਿਲ ਫੁਲ' ਅਤੇ 'ਇਕਵੰਜਾ ਕਹਾਣੀਆਂ' ਦੀਆਂ ਪੁਸਤਕਾਂ ਕਰਕੇ ਭਾਪਾ ਜੀ ਨੂੰ ੩ ਫਰਵਰੀ ੨੦੦੨ ਨੂੰ ਪ੍ਰਗਤੀ ਮੈਦਾਨ ਦਿੱਲੀ ਵਿਚ ਪੁਸਤਕ ਮੇਲੇ ਸਮੇਂ ਸਨਮਾਨਤ ਕੀਤਾ ਗਿਆ-ਵਧਾਈਆਂ!

*—ਜਗਦੀਸ਼ ਸਿੰਘ*

## ਜੰਮੂ ਵਿਚ ਬਸੰਤ ਗੁਰ ਪੁਰਬ

ਜੰਮੂ ਦੀ ਨਾਮਧਾਰੀ ਸੰਗਤ ਵਲੋਂ ਸਦਾ ਹੀ ਪੁਰਬ ਅਤੇ ਸਮਾਗਮ ਵਧ ਚੜ੍ਹ ਕੇ ਮਨਾਏ ਜਾਂਦੇ ਹਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਇਸ ਸਾਲ ੨੪ ਫਰਵਰੀ ਐਤਵਾਰ ਨੂੰ ਮਣਾਇਆ ਗਿਆ। ਇਸ ਸਮਾਗਮ ਵਾਸਤੇ ਸ. ਜਗਦੀਸ਼ ਸਿੰਘ ਜੀ ਸੰਪਾਦਕ ਵਰਿਆਮ ਜਲੰਧਰ ਤੋਂ ਅਤੇ ਜਥੇਦਾਰ ਇਕਬਾਲ ਸਿੰਘ ਜੀ ਜਥੇ ਸਮੇਤ ਸ੍ਰੀ ਭੈਣੀ ਸਾਹਿਬ ਤੋਂ ਆਏ ਸਨ।

ਅਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਇਕਬਾਲ ਸਿੰਘ, ਸ. ਜਗਦੀਸ਼ ਸਿੰਘ ਸੰਤ ਚਰਨ ਸਿੰਘ, ਗੁਰਦੇਵ ਸਿੰਘ, ਅਮਰੀਕ ਸਿੰਘ, ਨਿਰਮਲ ਸਿੰਘ, ਅਮਰ ਸਿੰਘ ਅਤੇ ਜੰਮੂ ਦੀ ਸੰਗਤ ਨੇ ਮਿਲ ਕੇ ਕੀਤਾ। ਅਨੰਦ ਮਈ ਕੀਰਤਨ ਦੀ ਸ਼ੋਭਾ ਨਿਰਾਲੀ ਸੀ। ਆਸਾ ਦੀ ਵਾਰ ਬਾਦ ਬਸੰਤ ਦੀ ਵਾਰ ਗਾਇਣ ਕੀਤੀ ਗਈ। ਉਪਰੰਤ ਬੀਬੀਆਂ ਦੇ



Sri Satguru Jagjit Singh Ji eLibrary NamdhariElibrary@gmail.com

ਜਥੇ ਦਾ ਵੈਰਾਗਮਈ ਦੀਵਾਨ ਲਗਾ। ਜਲੰਧਰ ਤੋਂ ਆਏ ਨੌਜਵਾਨ ਮਨਰਾਜ ਸਿੰਘ ਨੇ ਇਸ ਤੋਂ ਉਪਰੰਤ ਇਕ ਸ਼ਬਦ ਗਾਇਣ ਕੀਤਾ। ਸ. ਜਗਦੀਸ਼ ਸਿੰਘ ਸੰਪਾਦਕ ਵਰਿਆਮ ਨੇ ਜੰਮੂ ਨਾਲ ਆਪਣੇ ਪੁਰਾਣੇ ਰਿਸ਼ਤੇ ਨੂੰ ਬਿਆਨ ਕਰਦਿਆਂ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਅਤੇ ਉਹਨਾਂ ਦੇ ਇਤਿਹਾਸ ਨੂੰ ਸੰਗਤਾਂ ਦੇ ਸਾਹਮਣੇ ਦ੍ਰਿਸ਼ਟੀ ਗੋਚਰ ਕਰਦਿਆਂ ਕਿਹਾ ਕਿ ਸਾਨੂੰ ਸਤਰਕ ਹੋ ਕੇ ਸਤਿਗੁਰੂ ਰਾਮ ਸਿੰਘ ਜੀ ਅਤੇ ਵਰਤਮਾਨ ਸਤਿਗੁਰੂ ਜੀ ਦੇ ਹੁਕਮਾ ਦੀ ਦ੍ਰਿੜਤਾ ਨਾਲ ਪਾਲਨਾ ਕਰਨੀ ਚਾਹੀਦੀ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਹਰ ਪ੍ਰਕਾਰ ਦੀ ਗੁਲਾਮੀ ਤੋਂ ਆਜ਼ਾਦ ਕਰਵਾਇਆ। ਉਹਨਾਂ ਦੇ ਪੁਰਬ ਨੂੰ ਬਹੁਤ ਵੱਡੀ ਪੱਧਰ ਤੇ ਜ਼ਿਆਦਾ ਸ਼ਿੱਦਤ ਨਾਲ ਮਨਾਉਣਾ ਚਾਹੀਦਾ ਹੈ। ਅਤੇ ਨਾਮਧਾਰੀਆਂ ਦੇ ਗੌਰਵਮਈ ਇਤਿਹਾਸ ਨੂੰ ਦੁਨੀਆਂ ਵਿਚ ਪਰਚਾਰਤ ਪ੍ਰਸਾਰਤ ਕਰਨ ਲਈ ਨੌਜਵਾਨਾਂ ਨੂੰ ਅਗੇ ਆਉਣਾ ਚਾਹੀਦਾ ਹੈ। ਇਸ ਉਪਰੰਤ ਪਾਠਾਂ ਦੇ ਭੋਗ ਪਾਏ ਗਏ ਅਤੇ ਸਵੇਰ ਦੇ ਦੀਵਾਨ ਦੀ ਸਮਾਪਤੀ ਨਾਲ ਲੰਗਰ ਵਰਤਾਇਆ ਗਿਆ।

ਥੋੜ੍ਹੇ ਵਕਫੇ ਬਾਅਦ ਹੀ ਮੁੜ ਦੀਵਾਨ ਸਜਿਆਂ। ਇਹ ਹੁਣ ਹੱਲੇ ਦਾ ਦੀਵਾਨ ਸੀ ਅਤੇ ਜਥੇਦਾਰ ਇਕਬਾਲ ਸਿੰਘ ਹੋਰਾਂ ਅਨੇਕਾਂ ਸਾਖੀਆਂ, ਗੁਰਬਾਣੀ ਦੇ ਪ੍ਰਮਾਣਾਂ, ਇਤਿਹਾਸਕ ਟੂਕਾਂ, ਕਾਵਿ ਟੁਕੜਿਆਂ ਨੂੰ ਗਾ ਕੇ, ਧਾਰਨਾ ਪੜ੍ਹ ਕੇ ਅਤੇ ਵਖਿਆਣ ਰਾਹੀਂ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਜੱਸ ਨੂੰ ਰਸ ਭਿੰਨੇ ਢੰਗ ਨਾਲ ਸੰਗਤਾਂ ਸਾਹਮਣੇ ਰਖਿਆ।

ਮਨਰਾਜ ਸਿੰਘ ਨੇ ਵੀ ਮੁੜ ਸ਼ਬਦ ਗਾਇਣ ਕੀਤਾ। ਸੰਤ ਕਰਮ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਇਸ ਦਿਨ ਦੀ ਮਹੱਤਤਾ ਦੱਸੀ ਅਤੇ ਇਸ ਨੂੰ ਹੋਰ ਜ਼ੋਰ ਨਾਲ ਮਨਾਉਣ ਵਾਸਤੇ ਆਗ੍ਰਹਿ ਕੀਤਾ। ਬਾਦ ਦੁਪਹਿਰ ਦੇ ਵੱਡੇ ਲੰਗਰ ਦੇ ਨਾਲ ਹੀ ਤੀਸਰਾ ਦੀਵਾਨ ਸ਼ੁਰੂ ਹੋ ਗਿਆ। ਇਹ ਸੀ ਬੀਬੀਆਂ ਦੇ ਜਥੇ ਦਾ ਕੀਰਤਨ। ਜੰਮੂ ਦੀਆਂ ਬੀਬੀਆਂ ਦਾ ਜੱਥਾ ਬਹੁਤ ਸ਼ਰਧਾ ਮਈ ਢੰਗ ਨਾਲ ਅਤੇ ਪ੍ਰੇਮ ਵਿਚ ਕੀਰਤਨ ਕਰਦਾ ਹੈ। ਬੀਬੀਆਂ ਬਾਦ ਜੋ ਪ੍ਰੋਗਰਾਮ ਹੋਇਆ ਉਹ ਬਹੁਤ ਰੌਚਕ ਖਿਚ ਭਰਪੂਰ ਤੇ ਸਿਖਰ ਦੀ ਹਾਜ਼ਰੀ ਵਾਲਾ ਸੀ। ਇਹ ਸੀ ਬੱਚਿਆਂ ਅਤੇ ਬੀਬੀਆਂ ਦਾ ਪ੍ਰੋਗਰਾਮ। ਇਸ ਦੇ ਸੰਚਾਲਕ ਸਨ ਪ੍ਰਸਿੱਧ ਕਵੀ ਸ. ਅਮਰ ਸਿੰਘ ਕੂਕਾ। ਕੋਈ ਤਿੰਨ ਘੰਟੇ ਚਲੇ ਇਸ ਪ੍ਰੋਗਰਾਮ ਵਿਚ ਛੋਟੇ ਤੋਂ ਲੈ ਕੇ ਵੱਡੇ ਬੱਚਿਆਂ ਭਾਗ ਲਿਆ। ਕਿਸੇ ਨੇ ਕਵਿਤਾ ਸੁਣਾਈ ਕਿਸੇ ਭਾਸ਼ਨ, ਕਿਸੇ ਨੇ ਪਾਠ ਹੀ ਸੁਣਾਇਆ। ਇਕ ਛੋਟੇ ਜਿਹੇ ਬੱਚੇ ਨੇ ਪੂਰਾ ਕੀਰਤਨ ਸੋਹਲੇ ਦਾ ਪਾਠ ਮੂੰਹ ਜ਼ਬਾਨੀ ਸੁਣਾਇਆ। ਬੀਬੀ ਸ਼ਿਵਰੰਜਨੀ, ਬੀਬੀ ਦੀਪ ਕੌਰ ਦੇ ਨਿਰਦੇਸ਼ਨ ਵਿਚ ਬੀਬੀਆਂ ਦਾ ਸ਼ਾਸਤਰੀ ਸੰਗੀਤ ਵਿਚ ਕੀਰਤਨ ਰਾਗ ਤਾਲ ਅਤੇ ਗਾਇਣ ਪਖੋਂ ਉਚ ਕੋਟੀ ਦਾ ਸੀ। ਬੱਚੀਆਂ ਤਬਲਾ ਵਾਦਣ ਵੀ ਆਪ ਹੀ ਕਰ ਰਹੀਆਂ ਸਨ। ਸਾਰੇ ਬੱਚਿਆਂ ਨੂੰ ਹੀ ਕੀਮਤੀ ਪੁਰਸਕਾਰ ਦਿਤੇ ਗਏ। ਪੁਰਸਕਾਰ ਵੰਡਣ ਦੀ ਰਸਮ ਸ. ਕਰਤਾਰ ਸਿੰਘ ਫਰੀ ਇੰਡੀਆ ਗਨ ਫੈਕਟਰੀ ਤੇ ਪ੍ਰਧਾਨ ਨਾਮਧਾਰੀ ਸੰਗਤ ਜੰਮੂ ਅਤੇ ਸ. ਜਗਦੀਸ਼ ਸਿੰਘ ਵਰਿਆਮ ਜਨਰਲ ਸਕੱਤਰ ਨਾਮਧਾਰੀ ਦਰਬਾਰ ਦੇ ਹਥੀਂ ਸਿਰੇ ਚੜ੍ਹੀ। ਇਸ ਸਮੇਂ ਸ. ਜਗਦੀਸ਼ ਸਿੰਘ ਵਰਿਆਮ ਹੋਰਾਂ ਆਪਣੇ ਵਿਚਾਰ ਪੇਸ਼ ਕਰਦਿਆਂ ਬੱਚਿਆਂ ਅਤੇ ਪਰਬੰਧਕਾਂ ਦੀ ਪਰਸੰਸਾ ਕੀਤੀ ਅਤੇ ਕਈ ਠੋਸ ਸੁਝਾਓ ਵੀ ਦਿਤੇ।

ਅੰਤ ਉਤੇ ਮੁੜ ਹੱਲੇ ਦਾ ਦੀਵਾਨ ਸਜਿਆ ਅਤੇ ਸੰਗਤਾਂ ਸ਼ਬਦ ਦੇ ਰੰਗ ਵਿਚ ਭਿਝੀਆਂ ਗੁਰੂ ਜੱਸ ਗਾਇਣ ਤੇ ਸਰਵਣ ਕਰਦੀਆਂ ਰਹੀਆਂ। ਰਾਤ ਨੂੰ ਫੇਰ ਲੰਗਰ ਹੋਇਆ। ਜੰਮੂ ਦੇ ਲੰਗਰ ਵਿਚ ਅਨੇਕ ਪ੍ਰਕਾਰ ਦੇ ਭੋਜਨ ਹੁੰਦੇ ਹਨ।

ਇਹ ਮੇਲਾ ਬੀਬੀ ਗੁਰਚਰਨ ਕੌਰ ਸੁਪਤਨੀ ਸੰਤ ਕਰਤਾਰ ਸਿੰਘ ਫਰੀ ਇੰਡੀਆ ਵਾਲੇ ਤੇ ਪ੍ਰਧਾਨ ਨਾਮਧਾਰੀ ਸੰਗਤ ਵਲੋਂ ਸਤਿਗੁਰਾਂ ਦੇ ਦਰਸ਼ਨਾਂ ਨਮਿਤ ਕੀਤਾ ਗਿਆ। ਧਰਮ ਕਾਰਜਾਂ ਵਾਸਤੇ ਵੀ ਬੇਅੰਤ ਮਾਇਆ ਕਢੀ ਗਈ। ਸਾਰੀ ਸੰਗਤ ਦੀ ਅਰਦਾਸ ਸੀ ਕਿ ਬੀਬੀ ਗੁਰਚਰਨ ਕੌਰ ਦੇਹ ਕਰਕੇ ਸਵਸਥ ਹੋਣ ਅਤੇ ਅਜਿਹੇ ਖੁਸ਼ੀਆਂ ਭਰੇ ਮੌਕੇ ਤੇ ਸ਼ਾਮਲ ਹੋ ਸਕਣ।

## ਬਾਜਵਾ ਪਰਿਵਾਰ ਵਲੋਂ ਸਮਾਗਮ

ਕੈਨੇਡਾ ਦੀ ਨਾਮਧਾਰੀ ਸੰਗਤ ਦੇ ਪ੍ਰਧਾਨ ਸ. ਰਣਜੀਤ ਸਿੰਘ ਬਾਜਵਾ ਦੀ ਮਾਤਾ ਅਤੇ ਸੰਤ ਅਮਰ ਸਿੰਘ ਬਾਜਵਾ ਦੇ ਘਰੋਂ ਮਾਤਾ ਸੰਤ ਕੌਰ ਜੀ ਨਮਿਤ, ਪਰਿਵਾਰ ਦੇ ਘਰ ਪਿੰਡ ਭੱਟੀਆਂ ਜੱਟਾਂ ਨਜ਼ਦੀਕ ਮੁਕੇਰੀਆਂ ਜਿਲ੍ਹਾ ਹੁਸ਼ਿਆਰਪੁਰ ਵਿਚ ਮਿਤੀ ੩ ਫਰਵਰੀ ੨੦੦੨ ਐਤਵਾਰ ਨੂੰ ਇਕ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ ਜਿਸ ਵਿਚ ਦੂਰੋਂ ਨੇੜਿਓਂ ਦਸੂਹਾ, ਮੁਕੇਰੀਆਂ, ਜਲੰਧਰ ਇਲਾਕੇ ਦੀਆਂ ਨਾਮਧਾਰੀ ਸੰਗਤਾਂ ਅਤੇ ਪਰਿਵਾਰ ਦੇ ਮਿੱਤਰ ਜਨਾਂ ਅਤੇ ਰਿਸ਼ਤੇਦਾਰਾਂ ਨੇ ਭਰਪੂਰ ਹਿਸਾ ਲਿਆ। ਸਵੇਰੇ ਭਜਨ ਦੀ ਵਰਨੀ ਪੂਰਨ ਮਰਿਆਦਾ ਸਹਿਤ ਹੋਈ। ਨਾਮਧਾਰੀ ਵਿਦਿਅਕ ਜੱਥੇ ਵਲੋਂ ਹਵਨ ਵੀ ਕੀਤਾ ਗਿਆ। ਗੁਰਪਾਲ ਸਿੰਘ ਦੇ ਕਾਕੇ ਗੰਗਾ ਸਿੰਘ ਨੂੰ ਅੰਮ੍ਰਿਤ ਛਕਾਇਆ ਗਿਆ। ਉਪਰੰਤ ਸ਼ਬਦ ਕੀਰਤਨ ਵਾਸਤੇ ਦੀਵਾਨ ਸਜਿਆ। ਜਿਸ ਵਿਚ ਸੰਗਤਾਂ ਪ੍ਰੇਮ ਨਾਲ ਢੋਲਕ ਛੈਣਿਆ ਨਾਲ ਹੱਲੇ ਦਾ ਸ਼ਬਦ ਪੜ੍ਹੇ। ਜਥੇਦਾਰ ਦਲਬੀਰ ਸਿੰਘ, ਸੰਤ ਬਲਵੰਤ ਸਿੰਘ ਸਕੱਤਰ ਵਿਦਿਅਕ ਜਥਾ, ਸੂਬਾ ਤੀਰਥ ਸਿੰਘ ਸੰਤ ਕੁਲਦੀਪ ਸਿੰਘ ਪ੍ਰਧਾਨ ਨਾਮਧਾਰੀ ਵਿਦਿਅਕ ਜੱਥਾ ਨੇ ਭਰਪੂਰ ਯੋਗਦਾਨ ਪਾਇਆ। ਜਲੰਧਰ ਤੋਂ ਵਰਿਆਮ ਦੇ ਸੰਪਾਦਕ ਅਤੇ ਨਾਮਧਾਰੀ ਵਿਦਿਅਕ ਜੱਥਾ ਜਲੰਧਰ ਦੇ ਪ੍ਰਧਾਨ ਸੁਰਿੰਦਰ ਸਿੰਘ ਛਿੰਦਾ ਅਤੇ ਸੰਤ ਅਮਰਜੀਤ ਸਿੰਘ ਹੋਰੀ ਵੀ ਉਚੇਚੇ ਤੌਰ ਤੇ ਪਧਾਰੇ ਸਨ। ਸੰਤ



Sri Satguru Jagjit Singh Ji eLibrary NamdhariElibrary@gmail.com

ਅਮਰ ਸਿੰਘ ਬਾਜਵਾ ਜੀ ਨੇ ਬੜੀ ਆਜਜ਼ੀ ਨਾਲ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਅੰਤ ਉਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸਾਧ ਸੰਗਤ ਦੀ ਕੜਾਹ ਪ੍ਰਸ਼ਾਦ, ਜਲੇਬੀਆਂ ਅਤੇ ਚਾਹਟੇ ਨਾਲ ਸੇਵਾ ਕੀਤਾ ਗਈ। ਪ੍ਰਧਾਨ ਸੰਤ ਰਣਜੀਤ ਸਿੰਘ ਦੀ ਭੈਣ ਬੀਬੀ ਨਰਿੰਦਰ ਪਾਲ ਕੌਰ ਅਤੇ ਉਹਨਾਂ ਦੇ ਪਤੀ ਸ. ਕੁਲਦੀਪ ਸਿੰਘ ਭੁੱਲਰ (ਜਲੰਧਰ) ਅਤੇ ਹੋਰ ਪਰਿਵਾਰ ਨੇ ਸਾਧ ਸੰਗਤ ਦੀ ਆਪਣੇ ਹਥੀ ਸੇਵਾ ਕੀਤੀ।

ਮਾਤਾ ਸੰਤ ਕੌਰ ਜੀ ਪਿਛਲੇ ਸਾਲ ਤਾਂ ਜੁਲਾਈ ਨੂੰ ਟਰਾਂਟੋ ਕਨੈਡਾ ਵਿਚ ਚੜ੍ਹਾਈ ਕਰ ਗਏ ਸਨ। ਆਪ ਦੇ ਸਪੁੱਤਰ ਸੰਤ ਰਣਜੀਤ ਸਿੰਘ ਬਾਜਵਾ ਕੈਨੇਡਾ ਦੀ ਨਾਮਧਾਰੀ ਸੰਗਤ ਦੇ ਪ੍ਰਧਾਨ ਹਨ ਆਪ ਦੇ ਹੋਰ ਬੱਚੇ ਗੁਰ ਪ੍ਰਕਾਸ਼ ਸਿੰਘ, ਬੀਬੀ ਸਿਮਰਜੀਤ ਕੌਰ ਕੈਨੇਡਾ ਵਿਚ ਨਿਵਾਸ ਕਰ ਰਹੇ ਹਨ। ਅਗੋਂ ਵੀ ਸਾਰਾ ਪਰਿਵਾਰ ਗੁਰੂ ਘਰ ਦਾ ਸੇਵਕ ਹੈ। ਸੰਤ ਅਮਰ ਸਿੰਘ ਹੋਰਾਂ ਆਪਣੇ ਪਿਛੋਕੜ ਦੀ ਬਹੁਤ ਦਿਲਚਸਪ ਗਲ ਬਾਤ ਦੱਸੀ। ਆਪ ਦਾ ਪਿਛਲਾ ਪਿੰਡ ਸਿਆਲਕੋਟ ਜਿਲ੍ਹੇ ਵਿਚ (ਹੁਣ ਪਾਕਿਸਤਾਨ) ਉਘੂ ਚੱਕ ਸੀ। ਇਹ ਨਗਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਵਰਸਾਇਆ ਹੋਇਆ ਸੀ ਅਤੇ ਇਸ ਦਾ ਨਾਮ ਗੁਰੂ ਚੱਕ ਪ੍ਰਸਿੱਧ ਹੋ ਚੁਕਿਆ ਸੀ। ਇਸ ਤੋਂ ਪਹਿਲਾਂ ਬਾਜਵਾ ਪਰਿਵਾਰ ਦੇ ਵਡੇਰੇ ਪਿੰਡ ਛਾਂਗਾ ਵਿਚ ਰਹਿੰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਬਜ਼ੁਰਗ ਮਾਤਾ ਨੂੰ ਪੁਛਿਆ ਕਿ ਬੱਚੇ ਨਹੀਂ ਖੇਡਦੇ ਮਾਤਾ ਦਾ ਜੁਆਬ ਸੀ ਕਿ ਬੱਚੇ ਹੈ ਹੀ ਨਹੀਂ। ਸਤਿਗੁਰਾਂ ਕਿਹਾ ਕਚਾ ਘੜਾ ਪਾਣੀ ਦਾ ਭਰ ਕੇ ਲੈ ਜਾਵੇ। ਉਹ ਘੜਾ ਉਘੂ ਚੱਕ ਜਾ ਕੇ ਟੁੱਟਿਆ ਉਥੇ ਹੀ ਪਿੰਡ ਬੱਝ ਗਿਆ। ਉਥੋਂ ਦਾ ਪਾਣੀ ਕੌੜਾ ਸੀ ਸਤਿਗੁਰੂ ਰਾਮ ਸਿੰਘ ਜੀ ਬਚਨ ਕੀਤਾ ਕਿ ਜਲ ਮਿਠਾ ਹੈ। ਪਾਣੀ ਮਿਠਾ ਹੋ ਗਿਆ। ਸਤਿਗੁਰੂ ਰਾਮ ਸਿੰਘ ਜੀ ਦੇ ਇਸ ਪਿੰਡ ਨੂੰ ਬਹੁਤ ਵਰ ਪ੍ਰਾਪਤ ਸਨ ਇਸ ਵਾਸਤੇ ਇਹ ਗੁਰੂ ਚੱਕ ਕਰਕੇ ਪ੍ਰਸਿੱਧ ਹੋਇਆ। ਸੰਤ ਅਮਰ ਸਿੰਘ ਵਰਿਆਮ ਨਾਲ ਵੀ ਡੂੰਘਾ ਸਨੇਹ ਰੱਖਦੇ ਹਨ ਅਤੇ ਇਸ ਦੀ ਕਾਮਯਾਬੀ ਵਾਸਤੇ ਤੱਤਪਰ ਰਹਿੰਦੇ ਹਨ।

## ਜਲੰਧਰ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ

ਨਾਮਧਾਰੀ ਸਿੱਖ ਸੰਗਤਾਂ ਵਲੋਂ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਜਲੰਧਰ ਵਿਚ ੧੬ ਤੇ ੧੭ ਫਰਵਰੀ ਨੂੰ ਭਰਪੂਰ ਉਤਸ਼ਾਹ ਨਾਲ ਮਨਾਇਆ ਗਿਆ। ਪਹਿਲੇ ਦਿਨ ਨਾਮਧਾਰੀ ਧਰਮਸ਼ਾਲਾ ਸੈਂਟਰਲ ਟਾਊਨ ਜਲੰਧਰ ਵਿਚ ਅੰਮ੍ਰਿਤ ਵੇਲੇ ਤੋਂ ਸ੍ਰੀ ਆਸਾ ਦੀ ਵਾਰ ਦੇ ਰਸ ਭਿੰਨੇ ਕੀਰਤਨ ਨਾਲ ਸਮਾਗਮ ਸ਼ੁਰੂ ਹੋਇਆ।

ਸੰਤ ਬਲਬੀਰ ਸਿੰਘ, ਸੁਖਦੇਵ ਸਿੰਘ, ਸੁਰਿੰਦਰ ਸਿੰਘ, ਗੁਰਮੀਤ ਸਿੰਘ ਸੋਨੂੰ, ਗੁਰਿੰਦਰ ਸਿੰਘ ਮਣੀ, ਬਲਵਿੰਦਰ ਸਿੰਘ, ਮਨਰਾਜ ਸਿੰਘ, ਸੁਰਿੰਦਰ ਸਿੰਘ ਬਲਸੂਰ ਸਿੰਘ ਦੇ ਨਾਲ ਨਾਮਧਾਰੀ ਸੰਗੀਤ ਕੇਂਦਰ ਦੇ ਵਿਦਿਆਰਥੀਆਂ ਨੇ ਅੰਮ੍ਰਿਤਮਈ ਸੰਗੀਤ ਦੀ ਛਹਿਬਰ ਲਾਈ। ਬਸੰਤ ਦੀ ਵਾਰ ਦੇ ਗਾਇਣ ਉਪਰੰਤ ੧੩ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ।

ਸ਼ਾਮ ਨੂੰ ਮੁੱਖ ਦੀਵਾਨ ਵਿਚ ਸੰਤ ਮਨਰਾਜ ਸਿੰਘ, ਆਲਾ ਸਿੰਘ, ਗੁਰਰਤਨ ਸਿੰਘ, ਬਲਵੰਤ ਸਿੰਘ, ਹਰਮਿੰਦਰ ਸਿੰਘ, ਆਸਾ ਸਿੰਘ, ਅਵਤਾਰ ਕੌਰ, ਬਸੰਤ ਸਿੰਘ, ਆਤਮਾ ਸਿੰਘ ਨੇ ਲੜੀਵਾਰ ਨਿਰਧਾਰਤ ਰਾਗਾਂ ਵਿਚ ਸ਼ਬਦ ਗਾਇਣ ਕਰ ਕੇ ਸੰਗਤਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਪ੍ਰਸਿੱਧ ਸੰਗੀਤਕਾਰ ਪ੍ਰੋ. ਕਿਰਪਾਲ ਸਿੰਘ, ਸੰਤ ਬਲਬੀਰ ਸਿੰਘ, ਸੰਤ ਜਤਿੰਦਰਪਾਲ ਸਿੰਘ ਚਿੰਕਾ ਦੇ ਜਥੇ ਨੇ ਇਕਾਗਰ ਮਨ ਚਿੱਤ ਨਾਲ ਗੁਰਬਾਣੀ ਦੇ ਇਲਾਹੀ ਕੀਰਤਨ ਅਤੇ ਵਿਆਖਿਆ ਨੇ ਸੰਗਤਾਂ ਦੇ ਮਨਾਂ ਨੂੰ ਝੰਜੋੜ ਦਿਤਾ। ਜਥੇਦਾਰ ਹਜ਼ਾਰਾ ਸਿੰਘ ਅਤੇ ਜਥੇਦਾਰ ਗੁਰਬਚਨ ਸਿੰਘ ਵੀਰੋਕੇ ਨੇ ਟਕਸਾਲੀ ਨਾਮਧਾਰੀ ਸ਼ੈਲੀ ਦੇ 'ਹੱਲੇ' ਦੇ ਦੀਵਾਨ ਲਾ ਕੇ ਸਤਿਗੁਰੂ ਜੀ ਦੇ ਜੀਵਨ ਇਤਿਹਾਸ ਨੂੰ ਪ੍ਰਸੰਗਾਂ ਦੇ ਰੂਪ ਵਿਚ ਵਰਣਨ ਕੀਤਾ। 'ਸਤਿਜੁਗ' ਦੇ ਸੰਪਾਦਕ ਪ੍ਰਸਿੱਧ ਵਿਦਵਾਨ ਪ੍ਰੋ. ਤਾਰਾ ਸਿੰਘ ਅਨਜਾਣ ਦਿੱਲੀ ਵਾਲਿਆਂ ਭਾਵਪੂਰਨ ਵਿਖਿਆਨ ਵਿਚ ਨਾਮਧਾਰੀ ਇਤਿਹਾਸ ਦੀ ਖੋਜ ਦੇ ਨਵੇਂ ਪਹਿਲੂਆਂ 'ਤੇ ਚਾਨਣਾ ਪਾਇਆ। ਉਹਨਾਂ ਆਪਣੀ ਬਰਮਾ ਦੇਸ਼ ਦੀ ਯਾਤਰਾਂ ਦੇ ਆਧਾਰ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਵਨ ਤੋਂ ਬਾਦ ਦੇ ਹਾਲਾਤ ਤੇ ਚਾਨਣਾ ਪਾਇਆ। ਵਰਿਆਮ ਦੇ ਸੰਪਾਦਕ ਸ. ਜਗਦੀਸ਼ ਸਿੰਘ ਨੇ ਸਾਰੇ ਪ੍ਰੋਗਰਾਮ ਨੂੰ ਵਿਓਂਤ ਕੇ ਆਈਆਂ ਸੰਗਤਾਂ ਤੇ ਬੁਲਾਰਿਆਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਨੌਜਵਾਨ ਸਰਬਜੀਤ ਸਿੰਘ ਨੇ ਬਾਖੂਬੀ ਕੀਤਾ। ਨਾਮਧਾਰੀ ਵਿਦਿਆਕ ਜਥੇ ਦੇ ਪ੍ਰਧਾਨ ਸ. ਸੁਰਿੰਦਰ ਸਿੰਘ ਛਿੰਦਾ, ਸ. ਅਮਰਜੀਤ ਸਿੰਘ ਨੇ ਸੇਵਾ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਦੂਸਰੇ ਦਿਨ ਨਾਮਧਾਰੀ ਧਰਮਸ਼ਾਲਾ ਪ੍ਰੀਤਨਗਰ ਸੋਡਲ ਰੋਡ 'ਤੇ ਦੀਵਾਨ ਸਜਿਆ। ਜਿਸ ਵਿਚ ਆਸਾ ਦੀ ਵਾਰ ਦੇ ਕੀਰਤਨ ਬਾਦ ਜਥੇਦਾਰ ਹਜ਼ਾਰਾਂ ਸਿੰਘ ਅਤੇ ਜਥੇਦਾਰ ਅਵਤਾਰ ਸਿੰਘ ਨੇ ਦੀਵਾਨ ਸਜਾਇਆ ਅਤੇ ਲੰਗਰ ਵਰਤਿਆ।

## ਡਾ. ਚਮਨ ਲਾਲ ਪੰਜਾਬੀ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦੇ ਮੁਖੀ ਬਣੇ

ਹਿੰਦੀ ਅਤੇ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਅਤੇ ਹਿੰਦੀ ਵਿਭਾਗ ਵਿਚ ਰੀਡਰ ਡਾ. ਚਮਨ ਲਾਲ ਨੇ ੨ ਫਰਵਰੀ ੨੦੦੨ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਹਿੰਦੀ ਵਿਭਾਗ ਦੇ ਮੁਖੀ ਦਾ ਚਾਰਜ ਸੰਭਾਲ ਲਿਆ ਹੈ। ਉਨ੍ਹਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਹੈਡਸ਼ਿਪ ਬਾਈ ਰੋਟੇਸ਼ਨ ਨਿਯਮਾਂ ਤਹਿਤ ਯੂਨੀਵਰਸਿਟੀ ਵਲੋਂ ਤਿੰਨ ਸਾਲ ਲਈ ਹਿੰਦੀ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਗਿਆ ਹੈ।

ਡਾ. ਚਮਨ ਲਾਲ ਹਿੰਦੀ, ਪੰਜਾਬੀ ਅਤੇ ਭਾਸ਼ਾ ਵਿਗਿਆਨ ਵਿਚੋਂ ਐਮ. ਏ. ਤੋਂ ਇਲਾਵਾ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਤੋਂ ਪੀ-ਐਚ.ਡੀ. ਦੀ ਉਪਾਧੀ ਪ੍ਰਾਪਤ ਅਧਿਆਪਕ ਅਤੇ ਖੋਜ ਵਿਦਵਾਨ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਆਉਣ ਤੋਂ ਪਹਿਲਾਂ ਉਹ ਕਾਰਪੋਰੇਸ਼ਨ ਬੈਂਕ, ਬੰਬਈ ਵਿਖੇ ਹਿੰਦੀ ਅਫ਼ਸਰ ਅਤੇ 'ਜਨਸੱਤਾ' (ਦਿੱਲੀ) ਵਿਖੇ 'ਸਬ-ਐਡੀਟਰ' ਰਹੇ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਵੀ ਉਹ ਦੋ ਸਾਲ ਲਈ ਹਿੰਦੀ ਵਿਭਾਗ ਵਿਚ ਰੀਡਰ ਰਹੇ। ਹੁਣ ਤੱਕ ਉਨ੍ਹਾਂ ਦੀਆਂ ਪੱਚੀ ਕਿਤਾਬਾਂ ਛਪ ਚੁੱਕੀਆਂ ਹਨ, ਜਿਨ੍ਹਾਂ ਵਿਚੋਂ ਬਾਰਾਂ ਹਿੰਦੀ ਵਿਚ ਅੱਠ ਪੰਜਾਬੀ ਵਿਚ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਵਿਚ ਪੰਜ ਸੌ ਤੋਂ ਵੱਧ ਲੇਖ, ਰਿਵਿਊ ਅਤੇ ਅਨੁਵਾਦ ਪ੍ਰਕਾਸ਼ਤ ਹਨ। ਉਨ੍ਹਾਂ ਦੀਆਂ ਕਿਤਾਬਾਂ ਦੇਸ਼ ਦੇ ਸਭ ਤੋਂ ਪ੍ਰਤਿਸ਼ਠਤ ਪ੍ਰਕਾਸ਼ਨਾਂ-ਭਾਰਤੀ ਉਚ ਅਧਿਐਨ ਸੰਸਥਾਨ ਸ਼ਿਮਲਾ, ਸਾਹਿਤ ਅਕਾਦਮੀ ਅਤੇ ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ, ਰਾਜਕਮਲ ਪ੍ਰਕਾਸ਼ਨ ਦਿੱਲੀ, ਚੇਤਨਾ ਪ੍ਰਕਾਸ਼ਨ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਆਦਿ ਤੋਂ ਪ੍ਰਕਾਸ਼ਤ ਹਨ। ਉਨ੍ਹਾਂ ਦੀਆਂ ਕਿਤਾਬਾਂ ਨੂੰ ਭਾਵੇਂ ਦੇਸ਼ ਦੀਆਂ ਪ੍ਰਤਿਸ਼ਠਤ ਪੱਤਰਕਾਵਾਂ ਵਿਚ ਪੰਜਾਹ ਤੋਂ ਵੱਧ ਰਿਵਿਊ ਛਪੇ ਹਨ। ਅਮਰੀਕਾ ਦੀਆਂ ਯੂਨੀਵਰਸਿਟੀ ਲਾਇਬ੍ਰੇਰੀਆਂ ਵਿਚ ਵੀ ਉਨ੍ਹਾਂ ਦੀਆਂ ਕਿਤਾਬਾਂ ਨੂੰ ਮਾਣਯੋਗ ਸਥਾਨ ਹਾਸਲ ਹੋਇਆ ਹੈ। ਸ਼ਹੀਦ ਭਗਤ ਸਿੰਘ ਦੇ ਦਸਤਾਵੇਜ਼ਾਂ ਅਤੇ ਪੰਜਾਬੀ ਕਵੀ ਪਾਸ਼ ਦੀ ਸੰਪੂਰਨ ਕਵਿਤਾ ਦੇ ਹਿੰਦੀ ਵਿਚ ਸੰਪਾਦਨ ਅਤੇ ਅਨੁਵਾਦ ਕਾਰਣ ਉਨ੍ਹਾਂ ਨੂੰ ਅੰਤਰਰਾਸ਼ਟਰੀ ਪੱਧਰ ਤੇ ਪ੍ਰਸਿੱਧੀ ਹਾਸਲ ਹੋਈ ਹੈ। ਪੰਜਾਬੀ ਵਿਚ 'ਸ਼ਾਹਕਾਰ ਸਾਹਿਤ ਤੇ ਸਾਹਿਤਕਾਰ ਪ੍ਰਸੰਗਵਾਸ' ਪੰਜਾਬੀ ਨਾਵਲ ਤੇ ਦੇਸ਼ ਦੀ ਵੰਡ ਦਾ ਪ੍ਰਭਾਵ' ਉਨ੍ਹਾਂ ਦੀਆਂ ਪ੍ਰਸਿੱਧ ਕਿਤਾਬਾਂ ਹਨ। 'ਪੰਜਾਬੀ ਟ੍ਰਿਬਿਊਨ' ਅਤੇ "ਦੇਸ਼ ਸੇਵਕਾ" ਵਿਚ ਭਾਰਤ ਅਤੇ ਵਿਸ਼ਵ ਦੇ ਕਲਾਸਿਕ ਸਾਹਿਤ ਬਾਰੇ ਉਨ੍ਹਾਂ ਦੇ ਨਿਯਮਿਤ ਕਾਲਮ ਛਪਦੇ ਰਹੇ ਹਨ।

ਡਾ. ਚਮਨ ਲਾਲ ਨੇ ਭਾਰਤੀ ਉੱਚ ਅਧਿਐਨ ਸੰਸਥਾਨ ਸ਼ਿਮਲਾ, ਕੁਰੂਕਸ਼ੇਤਰ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਰਾਸ਼ਟਰੀ ਪੱਧਰ ਦੇ ਪੰਜ ਸੈਮੀਨਾਰਾਂ ਦਾ ਆਯੋਜਨ ਕੀਤਾ ਹੈ। ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ ਨਵੀਂ ਦਿੱਲੀ ਦੇ ਐਮ. ਏ. ਅਤੇ ਬੀ.ਏ. ਪ੍ਰੋਗਰਾਮਾਂ ਲਈ ਵੀ ਉਨ੍ਹਾਂ ਪੰਦਰਾਂ ਪਾਠ ਤਿਆਰ ਕੀਤੇ ਹਨ।

ਡਾ. ਚਮਨ ਲਾਲ ਨੂੰ ੧੯੯੫ ਵਿਚ ਡਾ. ਅੰਬੇਡਕਰ ਰਾਸ਼ਟਰੀ ਪੁਰਸਕਾਰ ਅਤੇ ੨੦੦੦ ਵਿਚ 'ਮਿਲੇਨੀਅਮ ਵਰਲਡ ਹਿੰਦੀ ਕਾਨਫਰੰਸ ਸਨਮਾਨ ਪ੍ਰਾਪਤ ਹੋ ਚੁੱਕੇ ਹਨ। ਪੰਜਾਬੀ ਅਤੇ ਹਿੰਦੀ ਲੇਖਕਾਂ ਨੇ ਉਨ੍ਹਾਂ ਦੀ ਹਿੰਦੀ ਵਿਭਾਗ ਦੇ ਮੁਖੀ ਵਜੋਂ ਨਿਯੁਕਤੀ ਦਾ ਸਵਾਗਤ ਕੀਤਾ ਹੈ।

## ਪ੍ਰੋਫੈਸਰ ਫੂਲ ਚੰਦ ਮਾਨਵ

ਭਾਰਤ ਸਰਕਾਰ ਦੇ ਮਾਨਵ ਸੰਸਾਧਨ ਵਿਕਾਸ ਮੰਤਰਾਲੇ ਨੇ ਕੇਂਦਰੀ ਹਿੰਦੀ ਨਿਦੇਸ਼ਾਲਯ, ਨਵੀਂ ਦਿੱਲੀ ਰਾਹੀਂ ਪ੍ਰੋ. ਫੂਲ ਚੰਦ ਮਾਨਵ ਨੂੰ ਪੰਜਾਹ ਹਜ਼ਾਰ ਰੁਪੈ ਦੇ ਕੌਮੀ ਇਨਾਮ ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ ਹੈ। ਪ੍ਰੋ. ਮਾਨਵ ਨੂੰ ਇਹ ਪੁਰਸਕਾਰ ਉਨ੍ਹਾਂ ਤੀਸਰੇ ਹਿੰਦੀ ਕਾਵਿ ਸੰਗ੍ਰਹਿ 'ਕਠੋਰ ਕਮਜ਼ੋਰ ਸਪਨੇ' ਲਈ ਸਾਲ ੨੦੦੧-੨੦੦੨ ਵਾਸਤੇ, ਅਹਿੰਦੀ ਭਾਸ਼ੀ ਹਿੰਦੀ ਲੇਖਕਾਂ ਨੂੰ ਉਤਸ਼ਾਹਿਤ ਕਰਨ ਦੀ ਯੋਜਨਾ ਅਧੀਨ ਦਿੱਤਾ ਜਾ ਰਿਹਾ ਹੈ।

ਛਪੰਜਾ (੫੬) ਸਾਲਾਂ ਦੇ ਪ੍ਰੋ. ਮਾਨਵ ੧੯੬੧ ਤੋਂ ਲਗਾਤਾਰ ਹਿੰਦੀ ਪੰਜਾਬੀ ਵਿਚ ਰਚਨਾ ਕਰਦੇ ਆ ਰਹੇ ਹਨ। ਕਵਿਤਾ ਦੇ ਨਾਲ ਉਨ੍ਹਾਂ ਕਹਾਣੀ ਦੇ ਆਲੋਚਨਾ, ਸੰਪਾਦਨ ਤੇ ਅਨੁਵਾਦ ਦੇ ਖੇਤਰ ਵਿਚ ਵੀ ਸਥਾਨ ਬਣਾਇਆ ਹੈ। ਸਾਲ ੧੯੭੫ ਤੱਕ ਉਨ੍ਹਾਂ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਵਿਖੇ ਪੰਜਾਬੀ ਵਿਚ ਕੋਈ ੧੫ ਪੁਸਤਕਾਂ ਦਾ ਸੰਪਾਦਨ ਕੀਤਾ ਤਾਂ 'ਜਾਗ੍ਰਿਤੀ' ਹਿੰਦੀ ਮਾਸਿਕ ਦੇ ਸੰਪਾਦਕ ਵਜੋਂ ਵੀ ੧੯੭੫-੭੬ ਵਿਚ ਲੋਕ ਸੰਪਰਕ ਅਧਿਕਾਰੀ ਦੇ ਨਾਤੇ ਸੰਪਾਦਕੀ ਫਰਜ ਨਿਭਾਇਆ।

ਅਨੁਵਾਦ ਦੇ ਖੇਤਰ ਵਿਚ ਪ੍ਰੋ. ਮਾਨਵ ਦੀਆਂ ਕਿਰਤਾਂ ਭਾਰਤੀ ਗਿਆਨ ਪੀਠ, ਸਾਹਿਤ ਅਕਾਦਮੀ, ਨਵੀਂ ਦਿੱਲੀ ਨੈਸ਼ਨਲ ਬੁੱਕ ਟ੍ਰਸਟ ਆਫ ਇੰਡੀਆ ਦੇ ਨਾਲ ਨਾਲ ਭਾਸ਼ਾ ਵਿਭਾਗ ਪੰਜਾਬ ਤੋਂ ਵੀ ਪ੍ਰਕਾਸ਼ਿਤ ਹਨ—'ਅੰਜੀਰ' ਅਤੇ 'ਕਥਾਂਨਗਰ' ਕਹਾਣੀ ਸੰਗ੍ਰਹਿ ਤੋਂ ਛੁੱਟ 'ਇਹ ਹੀ ਜਗਹ' ਏਕ ਗੀਤ ਮੌਸਮ, ਕਠੋਰ ਕਮਜ਼ੋਰ ਸਪਨੇ ਪ੍ਰੋ. ਫੂਲ ਚੰਦ ਮਾਨਵ ਦੀਆਂ ਕਾਵਿ ਕਿਰਤਾਂ ਚਰਚਿਤ ਰਹੀਆਂ ਹਨ। ਮੋਹਾਲੀ ਤੋਂ ਮੇਲਬਰਨ ਇਨ੍ਹਾਂ ਦੀ ਅਸਟ੍ਰੇਲੀਆ ਯਾਤਰਾ ਦਾ ਸਫਰਨਾਮਾ ਹੈ।

ਨਾਭਾ (ਪਟਿਆਲਾ) ਵਿਖੇ ੧੬ ਦਸੰਬਰ ੧੯੪੫ ਨੂੰ ਜੰਮੇ ਪ੍ਰੋ. ਮਾਨਵ ਨੂੰ ੧੯੯੯ ਲਈ ਉੱਤਰ ਪ੍ਰਦੇਸ਼ ਹਿੰਦੀ ਸੰਸਥਾਨ, ਲਖਨਊ ਤੋਂ ਪਹਿਲਾਂ ਕੌਮੀ ਸਨਮਾਨ ਪ੍ਰਾਪਤ ਹੋਇਆ ਸੀ। ਰੇਡੀਓ ਤੇ ਟੀ.ਵੀ. ਤੋਂ ਤਿੰਨ ਦਹਾਕਿਆਂ ਤੋਂ ਪ੍ਰੋਗਰਾਮ ਦਿੰਦੇ ਆ ਰਹੇ ਫੂਲ ਚੰਦ ਮਾਨਵ ਦੀਆਂ ਲਿਖਤਾਂ ਰਾਜਸਥਾਨ ਯੂਨੀਵਰਸਿਟੀ ਅਤੇ ਪੰਜਾਬ ਸਕੂਲ ਸਿਖਿਆ ਬੋਰਡ ਦਾ ਸ਼ਿੰਗਾਰ ਨੇ ਤੇ ਉਹ ਅੱਜ ਕੱਲ੍ਹ ਸਰਕਾਰੀ ਕਾਲਜ ਮੁਹਾਲੀ 'ਚ ਪੜ੍ਹਾ ਰਹੇ ਹਨ।

—ਯੋਗੇਸ਼ਵਰ



Sri Satguru Jagjit Singh Ji eLibrary NamdhariElibrary@gmail.com




ਸਾਹਿਤ ਅਕਾਡਮੀ ਪੁਰਸਕਾਰ ਜੇਤੂ ਸ਼ਾਇਰ ਦੇਵ ਨਾਲ ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ਰੂਬਰੂ ਸਮਾਗਮ ਸਮੇਂ ਦੇਵ, ਸਮਾਗਮ ਵਿਚ ਆਪਣੇ ਵਿਚਾਰ ਪੇਸ਼ ਕਰਦੇ ਹੋਏ। ਮੰਚ ਤੇ ਬੈਠੇ ਹਨ- ਡਾ. ਉਮਿੰਦਰ ਜੌਹਲ, ਸ. ਜਗਦੀਸ਼ ਸਿੰਘ ਵਰਿਆਮ, ਡਾ. ਰਘਬੀਰ ਸਿੰਘ ਸਿਰਜਣਾ ਅਤੇ ਸ. ਸੁਰਜੀਤ ਸਿੰਘ ਮਿਨਹਾਸ।

## ਦੇਵ ਨਾਲ ਰੂਬਰੂ

ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ੯ ਫਰਵਰੀ ਦੀ ਸ਼ਾਮ ਨੂੰ ਇਸ ਵਰ੍ਹੇ ਦੇ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਪ੍ਰਵਾਸੀ ਸ਼ਾਇਰ ਦੇਵ ਨਾਲ ਦੇਸ਼ ਭਗਤ ਯਾਦਗਾਰ ਹਾਲ ਵਿਖੇ ਰੂਬਰੂ ਦਾ ਆਯੋਜਨ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਡਾ. ਵਰਿਆਮ ਸਿੰਘ ਸੰਧੂ, ਡਾ. ਰਘਬੀਰ ਸਿੰਘ 'ਸਿਰਜਣਾ', ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਸ. ਸੁਰਜੀਤ ਸਿੰਘ ਮਿਨਹਾਸ ਅਤੇ ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਅਤੇ ਮਾਸਿਕ 'ਵਰਿਆਮ' ਦੇ ਸੰਪਾਦਕ ਸ. ਜਗਦੀਸ਼ ਸਿੰਘ ਵਰਿਆਮ ਨੇ ਕੀਤੀ।

ਮੰਚ ਸੰਚਾਲਕ ਡਾ. ਉਮਿੰਦਰ ਜੌਹਲ ਦੇ ਸੱਦੇ ਤੇ ਦੇਵ ਨੂੰ ਜੀ ਆਇਆਂ ਕਹਿੰਦੇ ਹੋਏ ਡਾ. ਵਰਿਆਮ ਸਿੰਘ ਸੰਧੂ ਨੇ ਦੱਸਿਆ ਕਿ ਦੇਵ ਇਕ ਵਚਿੱਤਰ ਸ਼ਖਸੀਅਤ ਹੈ ਜੋ ਕਵੀ ਵੀ ਹੈ, ਚਿੱਤਰਕਾਰ ਵੀ ਹੈ ਤੇ ਯਾਤਰੂ ਵੀ ਹੈ। 'ਮੇਰੇ ਦਿਨ ਦਾ ਸੂਰਜ' (੧੯੬੯), 'ਵਿਦਰੋਹ' (੧੯੭੦), ਦੂਸਰੇ ਕਿਨਾਰੇ ਦੀ ਤਲਾਸ਼ (੧੯੭੮), 'ਮਤਾਬੀ ਮਿੱਟੀ' (੧੯੮੩), ਪ੍ਰਸ਼ਨ ਤੇ ਪਰਵਾਜ਼ (੧੯੯੨) ਅਤੇ 'ਸ਼ਬਦਾਂਤ' (੧੯੯੯) ਉਸ ਦੀਆਂ ਰਚਨਾਵਾਂ ਹਨ। 'ਹੁਣ ਤੋਂ ਪਹਿਲਾਂ' (੨੦੦੦) ਉਸ ਦੀ ਸਮੁੱਚੀ ਕਵਿਤਾ ਦਾ ਸੰਗ੍ਰਹਿ ਹੈ। ਸਾਹਿਤ ਅਕਾਦਮੀ ਪੁਰਸਕਾਰ ਉਸ ਨੂੰ 'ਸ਼ਬਦਾਂਤ' ਤੇ ਮਿਲਿਆ ਹੈ।

ਇਸ ਉਪਰੰਤ ਦੇਵ ਨੇ 'ਪਰਿੰਦੇ' 'ਕਾਰ ਸੇਵਾ', 'ਪੰਜਾਬੀ-ਰਬਾਬੀ', 'ਬੋਲਣ ਤੋਂ ਪਹਿਲਾਂ', 'ਸ਼ਰਨਾਰਥੀ' 'ਜੇ ਮੈਂ ਮਿਲਾ', 'ਨਾਨਕ ਨੇ ਕਿਹਾ', 'ਪਾਠਕ ਨੂੰ', ਦੁਆ ਆਦਿ ਕਵਿਤਾਵਾਂ ਪੇਸ਼ ਕੀਤੀਆਂ।

ਸੁਆਲਾਂ ਦਾ ਸਿਲਸਿਲਾ ਆਰੰਭ ਕਰਦੇ ਹੋਏ ਪ੍ਰੋ. ਅਵਤਾਰ ਜੌੜਾ ਨੇ ਪੁਛਿਆ ਕਿ 'ਸ਼ਬਦਾਂਤ' ਅਤੇ 'ਹੁਣ ਤੋਂ ਪਹਿਲਾਂ' ਨੂੰ ਨਿਖੇੜਨ ਵਾਲਾ ਬਿੰਦੂ ਕਿਹੜਾ ਹੈ ? ਇਸ ਦੇ ਜੁਆਬ ਵਿਚ ਦੇਵ ਨੇ ਕਿਹਾ ਕਿ ਇਹ ਸਾਰੀ ਕਵਿਤਾ ਹੈ, ਕੋਈ ਨਿਖੇੜ ਬਿੰਦੂ ਨਹੀਂ ਹੈ ਤੇ ਨਾ ਹੀ ਕੋਈ ਵਿਰੋਧ ਹੈ। ਜੌੜੇ ਨੇ ਹੋਰ ਸੁਆਲ ਕੀਤਾ ਕਿ 'ਸ਼ਬਦ ਮਰਯਾਦਾ ਨਹੀਂ' ਜਸ਼ਨ ਹੈ, ਕੀ ਇਹ ਗਲ ਤੁਹਾਨੂੰ ਉੱਤਰ ਆਧੁਨਿਕਤਾ ਨਾਲ ਨਹੀਂ ਜੋੜਦੀ ? ਦੇਵ ਨੇ ਕਿਹਾ....ਉਤਰ ਆਧੁਨਿਕਤਾ..... ਸਾਡੀ ਭਾਸ਼ਾ ਵਿਚ ਸ਼ਬਦ ਫੜ ਕੇ ਉਸ ਸੰਕਲਪ ਵਿਚ ਫਿੱਟ ਕੀਤਾ ਜਾਂਦਾ ਹੈ। ਸ਼ਾਇਰ ਨੂੰ ਖਾਨਿਆਂ 'ਚ ਵੰਡ ਕੇ ਨਹੀਂ ਵੇਖਣਾ ਚਾਹੀਦਾ ਤੇ ਨਾ ਹੀ ਸ਼ਾਇਰ ਨੂੰ ਇਨ੍ਹਾਂ ਖਾਨਿਆਂ ਦੀ ਪ੍ਰਵਾਹ ਹੀ ਕਰਨੀ ਚਾਹੀਦੀ ਹੈ।

? ਉਪਦੇਸ਼ ਜਿਹਾ ਲਗਦੀ ਹੈ ਤੁਹਾਡੀ ਸ਼ਾਇਰੀ। ਇਹ ਸੁਆਲ ਜਸਵੀਰ ਸ਼ੀਰੀਂ ਦਾ ਸੀ।....ਹਾਂ ਮੈਨੂੰ ਵੀ ਕਦੇ ਕਦੇ ਇੰਝ ਹੀ ਲੱਗਦਾ ਹੈ, ਇਹ ਦੇਵ ਦੀ ਸੰਖੇਪਤਾ ਸੀ। ਹਰਵਿੰਦਰ ਭੰਡਾਲ ਨੇ ਦੇਵ ਤੋਂ 'ਪੰਜਾਬੀ ਦਾ ਕਵੀ ਨਹੀਂ, ਪੰਜਾਬੀ ਵਿਚ ਲਿਖਦਾ ਹਾਂ' ਕਥਨ ਦਾ ਸਪੱਸ਼ਟੀਕਰਨ ਮੰਗਿਆ। ਦੇਵ ਦਾ ਜੁਆਬ ਸੀ ਕਿ ਮੈਂ ਪੰਜਾਬੀ ਮਾਨਸ ਦਾ ਹੀ ਨਹੀਂ ਸਮੁੱਚੇ ਮਾਨਸ ਦਾ ਫਿਕਰ ਕਰਦਾ ਹਾਂ। ਨਵੀਂ ਕਵਿਤਾ ਨੇ ਵੱਡੀ ਰਵਾਇਤ ਦਾ ਹਿੱਸਾ ਵੀ ਬਣਨਾ ਹੈ। ਇਕ ਹੋਰ ਸੁਆਲ ਦੇ ਜੁਆਬ ਵਿਚ ਉਸ ਨੇ ਕਿਹਾ ਕਿ ਮੇਰੀ ਕਵਿਤਾ ਵਿਚ ਚਿੱਤਰਕਾਰੀ ਦਾ ਬਹੁਤ ਦਖਲ ਹੈ, ਮੈਂ Sound ਤੋਂ ਨਹੀਂ Visual ਤੋਂ ਸ਼ੁਰੂ ਕਰਦਾ ਹਾਂ ਭਾਵ ਮੇਰੇ ਸਾਹਮਣੇ ਦ੍ਰਿਸ਼ ਪਹਿਲਾਂ ਉਭਰਦਾ ਹੈ ਤੇ ਧੁਨੀ ਪਿਛੋਂ। ਡਾ. ਗੁਰਲਾਲ ਸਿੰਘ, ਪ੍ਰੋ. ਵੇਦ ਅਗਨੀਹੋਤਰੀ, ਸ੍ਰੀ ਕਾਂਤ ਪ੍ਰਸਾਦ, ਸੁਖਵੰਤ, ਦੇਸ ਰਾਜ ਕਾਲੀ, ਡਾ. ਰਜਨੀਸ਼ ਬਹਾਦਰ ਸਿੰਘ, ਪ੍ਰੋ. ਜਗੀਰ ਸਿੰਘ ਕਾਹਲੋਂ, ਤਸਕੀਨ, ਸੁਰਜੀਤ, ਕੌਰ ਅਤੇ ਸ. ਸੁਰਜੀਤ ਸਿੰਘ ਮਿਨਹਾਸ ਹੁਰਾਂ ਵਲੋਂ ਦੇਵ ਦੀ ਸ਼ਾਇਰੀ ਅਤੇ ਚਿੱਤਰਕਾਰੀ



Sri Satguru Jagjit Singh Ji eLibrary NamdhariElibrary@gmail.com

ਨਾਲ ਸਬੰਧਿਤ ਨੁਕਤੇ ਉਠਾਏ ਗਏ, ਜਿਨ੍ਹਾਂ ਦਾ ਜੁਆਬ ਦੇਵ ਨੇ ਬਾਖੂਬੀ ਦਿੱਤਾ।

ਪ੍ਰਧਾਨਗੀ ਮੰਡਲ ਦੀ ਪ੍ਰਤੀਨਿਧਤਾ ਕਰਦਿਆਂ ਡਾ. ਰਘਬੀਰ ਸਿੰਘ 'ਸਿਰਜਣਾ' ਕਿਹਾ ਕਿ ਫੈਸ਼ਨ ਦੇ ਤੌਰ ਤੇ ਖੁਲ੍ਹੀ ਕਵਿਤਾ ਲਿਖਣ ਵਾਲੇ ਕਵੀ ਜਾਹਲੀ ਢੰਗ ਨਾਲ ਸ਼ਬਦ ਸਜਾਉਂਦੇ ਨੇ, ਪਰ ਦੇਵ ਸੱਚੀ ਮੁੱਚੀ ਸ਼ਬਦਾਂ ਦੇ ਚਿੱਤਰ ਬਣਾਉਂਦਾ ਹੈ। ਚਿੱਤਰਾਂ ਚੋਂ ਕਵਿਤਾ ਕਿਵੇਂ ਲੱਭਣੀ ਹੈ ਤੇ ਕਵਿਤਾ ਨੂੰ ਕਿਵੇਂ ਚਿਤਰਨਾ ਹੈ, ਇਹ ਦੇਵ ਹੀ ਜਾਣਦਾ ਹੈ। ਦੇਵ ਕੋਲ ਭਾਵੇਂ ਰਸਮੀ ਵਿਦਿਆ ਨਹੀਂ ਹੈ, ਕੋਈ ਡਿਗਰੀ ਨਹੀਂ ਹੈ, ਪਰ ਉਹ ਬਹੁਤ ਪੜ੍ਹਦਾ ਹੈ ਤੇ ਜਿੰਨੀ ਵਿਸ਼ਾਲ ਲਾਇਬਰੇਰੀ ਉਸ ਕੋਲ ਹੈ ਸ਼ਾਇਦ ਹੀ ਕਿਸੇ ਲੇਖਕ ਕੋਲ ਹੋਵੇ...ਉਸ ਕੋਲ ਪ੍ਰਤਿਭਾ ਵੀ ਹੈ ਤੇ ਉਹ ਮਿਹਨਤ ਵੀ ਬਹੁਤ ਕਰਦਾ ਹੈ.....ਉਹ ਬੜਾ ਹੀ ਸਲੀਕੇ ਵਾਲਾ ਬੰਦਾ ਹੈ....ਉਹ ਰਵਾਇਤੀ ਕਿਤੇ ਨਹੀਂ ਹੈ........ ਉਸ ਦੇ ਆਪਣੇ ਰਿਸ਼ਤੇਦਾਰਾਂ ਨਾਲ ਸਬੰਧ ਵੀ ਇਸੇ ਧਾਰਨਾ ਦੀ ਹੀ ਪੁਸ਼ਟੀ ਕਰਦੇ ਨੇ...ਉਸ ਦੀ ਸ਼ਾਇਰੀ ਵੀ ਪ੍ਰੋ. ਪੂਰਨ ਸਿੰਘ ਦੀ ਸ਼ਾਇਰੀ ਵਾਂਗ ਸੰਗੀਤਕ ਹੈ।

ਆਏ ਸਭਨਾਂ ਦਾ ਧੰਨਵਾਦ ਸ. ਜਗਦੀਸ਼ ਸਿੰਘ ਵਰਿਆਮ ਨੇ ਕੀਤਾ।

ਇਸ ਯਾਦਗਾਰੀ ਸਮਾਰੋਹ ਵਿਚ ਪ੍ਰੋ. ਪਿਆਰਾ ਸਿੰਘ ਭੋਗਲ, ਰਮਨਦੀਪ ਸੰਧੂ, ਡਾ. ਡੀ. ਬੀ. ਰਾਏ, ਬੇਅੰਤ ਸਿੰਘ ਸਰਹੱਦੀ, ਚਮਨ ਲਾਲ ਲੱਕੀ, ਹਰਜਿੰਦਰ ਕੌਰ, ਬਾਬਾ ਭਗਤ ਸਿੰਘ ਬਿਲਗਾ, ਪ੍ਰਦੀਪ ਥਿੰਦ, ਪ੍ਰੋ. ਕੁਲਬੀਰ ਸਿੰਘ, ਬਾਬਾ ਗੁਰਬਖ਼ਸ਼ ਸਿੰਘ ਬੰਨੋਆਣਾ, ਉਰਮਿਲਾ ਅਨੰਦ, ਜਗਜੀਤ ਸਿੰਘ ਅਨੰਦ, ਸੁਕੀਰਤ ਅਨੰਦ, ਕੇ. ਐਲ. ਪਰਵਾਨਾ, ਬਲਬੀਰ ਪਰਵਾਨਾ, ਰਜਿੰਦਰ ਬਿਮਲ, ਗੁਰਨਾਮ ਸਿੰਘ ਰਾਏ, ਸਰਵਣ ਸਿੰਘ ਜ਼ਫਰ (ਯੂ.ਕੇ), ਗੁਰਮੀਤ ਅਤੇ ਗੁਰਮੀਤ ਸਿੰਘ ਢੱਡਾ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।

ਖ਼ਬਰਾਂ ਦੇ ਨਵੇਂ ਆਰੰਭ ਹੋਏ ਪੰਜਾਬੀ ਚੈਨਲ 'ਪੰਜਾਬ ਟੂਡੇ' ਵਲੋਂ ਗਿਤਿਕਾ ਮਹਿਤਾ, ਰਾਧਾ ਸਾਹਨੀ ਅਤੇ ਮਨੋਜ ਦੀ ਟੀਮ ਕਵਰੇਜ ਵਾਸਤੇ ਪੁੱਜੀ ਤੇ ਸਮਾਰੋਹ ਨੂੰ ਦੁਨੀਆਂ ਭਰ ਵਿਚ ਪਹੁੰਚਾਇਆ।

*—ਪ੍ਰੋ. ਜਗੀਰ ਸਿੰਘ ਕਾਹਲੋਂ*

## *ਸਾਹਿਤ ਸਭਾ ਫਰੀਦਕੋਟ ਦੀ ਮਾਸਕ ਇੱਕਤਰਤਾ*

ਫਰੀਦਕੋਟ ਮਿਤੀ ੩-੨-੨੦੦੨ ਨੂੰ ਸਾਹਿਤ ਸਭਾ ਫਰੀਦਕੋਟ ਦੀ ਮਾਸਕ ਮੀਟਿੰਗ ਡਾ:ਦਰਬਾਰਾ ਸਿੰਘ 'ਪੰਛੀ' ਦੀ ਪ੍ਰਧਾਨਗੀ ਹੇਠ ਹੋਈ। ਸਰਵ-ਸੰਮਤੀ ਨਾਲ ਇਹ ਫੈਸਲਾ ਕੀਤਾ ਗਿਆ ਕਿ ਸਭਾ ਦੀ ਸਾਲਾਨਾ ਚੋਣ ਮਾਰਚ ੨੦੦੨ ਦੀ ਮੀਟਿੰਗ ਸਮੇਂ ਹੋਵੇਗੀ ਇਹ ਜਾਣਕਾਰੀ ਬਨਾਰਸੀ ਦਾਸ ਸ਼ਾਸਤਰੀ ਵਿੱਤ ਸਕੱਤਰ ਸਾਹਿਤ ਸਭਾ ਫਰੀਦਕੋਟ ਨੇ ਇਥੇ ਦਿੱਤੀ। ਇਕ ਸ਼ੋਕ ਮਤੇ ਰਾਹੀਂ ਪ੍ਰਸਿੱਧ ਵਿਅੰਗ ਲੇਖਕ ਜੇ.ਐਲ. ਨੰਦਾ, ਸਾਬਕਾ ਡੀ.ਪੀ.ਆਈ. ਸ੍ਰੀਮਤੀ ਦਰਸ਼ਨ ਕੌਰ, ਭਾਰਤ ਦੀ ਪਹਿਲੀ I.A.S. ਇਸਤਰੀ ਬੀਬੀ ਸਰਲਾ ਗਰੇਵਾਲ ਦੇ ਅਚਾਨਕ ਅਕਾਲ ਚਲਾਣੇ ਤੇ ਸ਼ੋਕ ਪ੍ਰਗਟ ਕੀਤਾ ਗਿਆ।

ਸਭਾ ਦੀ ਸਾਹਿਤਕ ਕਾਰਵਾਈ ਵਿੱਚ ਨਵਰਾਹੀ ਘੁਗਿਆਣਵੀ ਨੇ ਆਪਣੀਆਂ ਤਾਂਜ਼ਾ ਰੁਬਾਈਆਂ ਸੁਣਾਈਆਂ, ਜਿਨ੍ਹਾਂ ਦੀ ਖੂਬ ਪ੍ਰਸ਼ੰਸਾ ਕੀਤੀ ਗਈ। ਸ੍. ਗੁਰਚਰਨ ਸਿੰਘ ਗਿੱਲ ਨੇ ਵੇਦਨਾ ਪੂਰਣ ਗੀਤ "ਲੈਂਦਾ ਟੁੱਟਿਆਂ ਦਿਲਾਂ ਦੀ ਕੌਣ ਸਾਰ ਵੇ ਦਿਲਾ?" ਦਿਆਲਾ ਸਿੰਘ 'ਸਾਕੀ' ਜੀ ਨੇ ਆਪਣੀ ਸੁੰਦਰ ਕਵਿਤਾ 'ਧੀ' ਸ੍ਰੀ ਬਨਾਰਸੀ ਦਾਸ ਸ਼ਾਸਤਰੀ ਜੀ ਨੇ 'ਆਧੁਨਿਕ ਬੱਚੇ' ਸ੍. ਲਾਲ ਸਿੰਘ ਕਲਸੀ ਨੇ ਗੀਤ 'ਅਣਜੰਮੀ ਭੈਣ ਨੂੰ' ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੇ। ਗੁਰਤੇਜ ਸਿੰਘ ਅਤੇ ਧਰਮ ਪ੍ਰਵਾਨਾ ਜੀ ਨੇ ਵੀ ਆਪਣੀਆਂ ਰਚਨਾਵਾਂ ਮਧੁਰ ਢੰਗ ਨਾਲ ਪੇਸ਼ ਕੀਤੀਆਂ। ਸ੍ਰ: ਹਰਚੰਦ ਸਿੰਘ ਸੇਖੋਂ ਨੇ 'ਕਲਾ ਦੀ ਉੱਚਤਾ' ਦੇ ਵਿਸ਼ੇ ਤੇ ਸਾਰਥਕ ਆਲੋਚਨਾ ਕੀਤੀ। ਡਾ. ਦਰਬਾਰਾ ਸਿੰਘ 'ਪੰਛੀ' ਨੇ ਆਪਣੀਆਂ ਰੁਬਾਈਆਂ ਸੁਣਾਉਣ ਉਪਰੰਤ ਰਚਨਾਵਾਂ ਨੂੰ ਵਾਰ-ਵਾਰ ਪੜ੍ਹਕੇ ਸੋਧਣ ਦਾ ਸੁਝਾਅ ਦਿੱਤਾ।

ਅੰਤ ਵਿੱਚ ਡਾ. ਦਲੀਪ ਕੌਰ ਦਿਵਾਨਾ ਜੀ ਨੂੰ ਸਰਸਵਤੀ ਪੁਰਸਕਾਰ ਮਿਲਣ ਤੇ ਖੁਸ਼ੀ ਪ੍ਰਗਟ ਕੀਤੀ ਗਈ।

## *੪੨ ਵੀਂ ਸ਼ਾਸਤਰੀ ਸੰਗੀਤ ਸੰਧਿਆ ੩੧ ਮਾਰਚ ਨੂੰ*

ਹੋਲੀ ਦੇ ਅਵਸਰ ਉਤੇ ਸੰਗੀਤ ਕਲਾ ਮੰਚ (ਰਜਿ.) ਜਲੰਧਰ ਵਲੋਂ ਇਕ ਵਿਸ਼ੇਸ਼ ਸੰਗੀਤ ਸੰਧਿਆ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸੰਧਿਆ ਵਿੱਚ ਬੰਬਈ ਦੇ ਪ੍ਰਸਿੱਧ ਗਾਇਕ ਸ੍ਰੀ ਹੇਮਾਂਗ ਮਹਿਤਾ (ਮੇਵਾਤੀ ਘਰਾਣਾ) ਸ੍ਰੀ ਹਰਵਿੰਦਰ ਸ਼ਰਮਾ (ਸਿਤਾਰ), ਸ੍ਰੀ ਰਾਜੇਸ਼ ਮਾਲਵੀਆ ਤਬਲਾ (ਸ੍ਰੀ ਭੈਣੀ ਸਾਹਿਬ) ਪੰਡਿਤ ਰਮਾਂ ਕਾਂਤ (ਤਬਲਾ) ਜਲੰਧਰ ਤੇ ਹੋਰ ਕਲਾਕਾਰ ਭਾਗ ਲੈ ਰਹੇ ਹਨ।

ਪ੍ਰੋਗਾਮ ਗੁਰੂ ਨਾਨਕ ਦੇਵ ਜ਼ਿਲ੍ਹਾ ਲਾਇਬ੍ਰੇਰੀ ਵਿਖੇ ਸ਼ਾਮ ੪ ਵਜੇ ਤੋਂ ੭ ਵਜੇ ਤੱਕ ਹੋਵੇਗਾ। ਇਹ ਸੂਚਨਾ ਮੰਚ ਦੇ ਸਕੱਤਰ ਪ੍ਰੋ: ਜੋਗਿੰਦਰ ਬਾਵਰਾ ਨੇ ਵਰਿਆਮ ਦੇ ਦਫ਼ਤਰ ਨੂੰ ਦਿੱਤੀ ਆਪ ਨੂੰ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

## ਵਰਿਆਮ ਸਿੰਘ ਸੰਧੂ ਪਰਿਵਾਰ ਨੂੰ ਸਦਮਾ

ਪੰਜਾਬੀ ਸਾਹਿਤ ਦੀ ਜਗਤ ਪ੍ਰਸਿੱਧ ਹਸਤੀ ਡਾ. ਵਰਿਆਮ ਸਿੰਘ ਸੰਧੂ ਦੇ ਅਤਿ ਕਰੀਬੀ ਰਿਸ਼ਤੇਦਾਰ, ਉਹਨਾਂ ਦੀ ਸੁਪਤਨੀ ਸ੍ਰੀਮਤੀ ਰਜਵੰਤ ਕੌਰ ਸੰਧੂ ਦੇ ਇਕਲੌਤੇ ਭਰਾਤਾ ਸ. ਸਰਵਨ ਸਿੰਘ ਢਿੱਲੋਂ ੨੦ ਫਰਵਰੀ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਵਿਛੜੀ ਜੀਵ ਆਤਮਾ ਨਮਿਤ ਪਾਠ ਦਾ ਭੋਗ ਅਤੇ ਅਰਦਾਸ ਵਾਸਤੇ ੧ ਮਾਰਚ ਸ਼ੁਕਰਵਾਰ ਦੁਪਹਿਰ ੧ ਵਜੇ ਪਰਿਵਾਰ ਦੇ ਜੱਦੀ ਪਿੰਡ ਝਬਾਲ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਮਾਗਮ ਹੋਇਆ।

ਸੰਧੂ ਢਿਲੋਂ ਪਰਿਵਾਰਾਂ ਦੇ ਇਸ ਦੁੱਖ ਭਰੇ ਮੌਕੇ ਤੇ ਦੋਸਤਾਂ ਮਿਤਰਾਂ ਸੰਬੰਧੀਆਂ ਤੇ ਰਿਸ਼ਤੇਦਾਰਾਂ ਵਲੋਂ ਹਮਦਰਦੀ ਪ੍ਰਗਟ ਕੀਤੀ ਜਾ ਰਹੀ ਹੈ।

ਸੰਧੂ ਪਰਿਵਾਰ ਦੇ ਇਸ ਦੁੱਖ ਵਿਚ ਅਸੀਂ ਸ਼ਾਮਿਲ ਹਾਂ।

*—ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਿਰਿਆ

ਫਰਵਰੀ ਦਾ ਵਰਿਆਮ ਮਿਲਿਆ, ਆਪ ਨੇ ਮੇਰਾ ਸਰਨਾਵਾਂ ਪੰਜਾਬੀ ਵਿਚ ਐਤਕੀਂ ਹੀ ਛਾਪਿਆ ਹੈ ਤੇ ਐਤਕੀ ਹੀ ਮੈਂ ਇਸਨੂੰ ਬਦਲਾਨ ਲਈ ਕਹਿ ਰਿਹਾ ਹਾਂ। ਮੈਂ ਚੁਰੰਜਾ ਸਾਲ ਬਾਦ ਅੰਮ੍ਰਿਤਸਰ ਕਲਾਂ ਨੂੰ ਛੱਡ ਕੇ ਐਲਨਾਬਾਦ ਰਿਹਾਇਸ ਪਜ਼ੀਰ ਹੋ ਗਿਆ ਹਾਂ।

ਵਰਿਆਮ ਦਾ ਸੁਹੱਪਣ ਤੇ ਸੁਹਜ ਦਿਨੋਂ ਦਿਨ ਨਿੱਖਰ ਰਿਹਾ ਹੈ। ਇਹ ਵੇਖ ਕੇ ਮਨ ਖੁਸ਼ੀ ਨਾਲ ਭਰ ਜਾਂਦਾ ਹੈ।

ਵਿਰਕ ਸਾਹਿਬ ਨੇ ਆਪਣੇ ਲੰਮੇ ਲੇਖ ਵਿਚ ਤਵਾਰੀਖ ਨਾਮਧਾਰੀ ਦੀ ਬੜੇ ਸੁਚੱਜੇ ਤੇ ਵਿਦਵਤਾ ਭਰੇ ਢੰਗ ਨਾਲ ਵਿਆਖਿਆ ਕੀਤੀ ਹੈ। ਵਿਰਕ ਸਾਹਿਬ ਬੜੇ ਗੁੱਝ ਕੇ ਪੜ੍ਹਦੇ ਹਨ ਤੇ ਖੁੱਲ ਕੇ ਲਿਖਦੇ ਹਨ।

ਭਾਈ ਤਾਬੇ ਵਾਲੇ ਲੇਖ ਨੇ ਪੁਰਾਣੇ ਭੁੱਲੇ ਵਿਸਰੇ ਰਬਾਬੀਆਂ ਦੀ ਭੁੱਲੀ ਵਿਸਰੀ ਯਾਦ ਦੁਹਰਾਈ ਹੈ। ਅਫਸੋਸ ਕਿ ਪਿਛਲੇ ਸਾਲ ਇਹਨਾਂ ਰਬਾਬੀਆਂ ਤੇ ਕੀਰਤਨੀਆਂ ਦੀ ਔਲਾਦ ਵਿਚੋਂ ਭਾਈ "ਲਾਲ' ਨੂੰ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਕੀਰਤਨ ਕਰਨ ਦੀ ਚੌਕੀ ਭਰਨ'ਦੀ ਬਹੁਤ ਤਰਲੇ ਲੈਣ ਤੇ ਵੀ ਇਜਾਜ਼ਤ ਨਹੀਂ ਮਿਲੀ।

ਅਸਟਰੇਲੀਆ ਤੋਂ ਤਰਸ ਜੀ ਦੀ ਚਿੱਠੀ ਨੇ ਸ਼੍ਰੀ ਜੀਵਨ ਨਗਰ ਦੀਆਂ ਪੁਰਾਣੀਆਂ ਯਾਦਾਂ ਤਾਜ਼ਾ ਕਰਵਾਈਆਂ ਹਨ। ਜਦੋਂ ਮੈਂ ਵੀ ਚੜ੍ਹਦੀ ਜਵਾਨੀ ਵਿਚ ਕਵੀ ਪ੍ਰੀਤਮ ਸਿੰਘ ਹੁਰਾਂ ਨਾਲ ਸੀ ਜੀਵਨ ਨਗਰ ਵਿਚਰ ਰਿਹਾ ਸਾਂ ਤਰਸ ਜੀਆਂ ਦੀਆ ਕਵਿਤਾਵਾਂ ਨੇ ਮੈਨੂੰ ਕਵਿਤਾ ਵਾਲੇ ਪਾਸੇ ਲਾਉਣ ਵਿਚ ਬਹੁਤ ਹਿੱਸਾ ਪਾਇਆ। ਉਹਨਾਂ ਦਿਨਾਂ ਵਿਚ ਹੀ ਮੈਂ ਸਤਿਗੁਰ ਬਾਲਕ ਸਿੰਘ ਜੀ ਦਾ ਜੀਵਨ ਬਿਰਤਾਂਤ ਕਵਿਤਾਵਾਂ ਵਿਚ ਅਰੰਭ ਕੀਤਾ। ਜੋ ਪਿਛਲੇ ਹੋਲੇ ਤੇ "ਜਿਨ ਮਾਰਗ ਦੀਆਂ ਬਤਾਇ"ਦੇ ਨਾਂ ਹੇਠ ਛਪ ਕੇ ਰੀਲੀਜ਼ ਹੋਇਆ। ਭਾਵੇਂ ਬੀਮਾਰ ਹੋਣ ਕਰਕੇ ਮੈਨੂੰ ਇਹ ਰੀਲੀਜ਼ ਸਮਾਰੋਹ ਵੇਖਣ ਦਾ ਅਵਸਰ ਨਸੀਬ ਨਹੀਂ ਹੋਇਆ।

ਬੀਬੀ ਬੇਅੰਤ ਕੌਰ ਜੀ ਦਾ ਬਚਿੱਤਰ ਨਾਟਕ ਸਾਰੇ ਪਿਛਲੇ ਤੇ ਇਹ ਆਖ਼ਰੀ ਕਿਸ਼ਤ ਬਹੁਤ ਵਿਦਵਤਾ ਪੂਰਵਕ ਸਮੀਖਿਅਕ ਲੇਖ ਹੈ।

ਗੱਲ ਕੀਹ ਗ਼ਜ਼ਲਾਂ, ਕਵਿਤਾਵਾਂ, ਲੇਖ ਸਭ ਉੱਚ ਪੱਧਰ ਦੇ ਹਨ। ਆਪ ਨੇ ਮੇਰੀ ਟੇਢੀ ਮੇਢੀ ਕਵਿਤਾ ਨੂੰ ਵੀ ਉੱਚ ਪੱਧਰੇ ਲੋਕਾਂ ਵਿਚ ਖੜ੍ਹਾ ਕਰ ਦਿੱਤਾ ਹੈ। ਮੈਂ ਭਾਵੇਂ ਉਹਨਾਂ ਸਾਰਿਆਂ ਦੇ ਸਾਹਿੱਤਕ ਹਾਣ ਦਾ ਨਹੀਂ।

ਕਿਸਾਨ ਹੁਰਾਂ ਵਲੋਂ ਵੱਖਰੀ ਕਿਸਮ ਦੇ ਗੁਰੂ ਨਾਨਕ ਬਾਰੇ ਵੀ ਨਾਂ ਲਿਖਿਆ ਤਾਂ ਉਹਨਾਂ ਨਾਰਾਜ਼ ਹੋਣਾ ਸੀ। ਉਹਨਾਂ ਦੀ ਲੇਖਣੀ ਵੀ ਆਪਣੀ ਹੀ ਕਿਸਮ ਦੀ ਹੈ ਜੋ ਪਾਠਕ ਨੂੰ ਦਿਲੋਂ ਦਬੋਚ ਲੈਂਦੀ ਹੈ। ਰੱਬ ਕਰੇ ਉਹ ਲਿਖਦੇ ਰਹਿਣ ਕਿਤੇ ਕਵਿਤਾ ਵਾਂਗੂ ਵਾਰਤਕ ਤੋਂ ਵੀ ਉੱਕ ਹੀ ਨਾ ਜਾਣ।

ਪਰਮਾਤਮਾ ਕਰੇ "ਵਰਿਆਮ" ਆਪ ਜੀ ਦੇ ਰਾਹੀਂ ਸਦਾ ਆਪਣੀ ਮੰਜ਼ਿਲ ਵੱਲ ਏਸੇ ਤੇਜ਼ੀ ਨਾਲ ਅਗਰਸਰ ਰਹੇ।

***ਮਾਸਟਰ ਅਮਰੀਕ ਸਿੰਘ***

*ਅਨੂਪਮ ਪਬਲਿਕ ਸਕੂਲ*

*ਭੱਬੋਂਵਾਲੀ ਰੋਡ. ਐਲਨਾਬਾਦ (ਸਿਰਸਾ-ਹਰਿਆਣਾ) ੧੨੫੧੦੨*

-0-

ਅਜ ਹੀ ਪਰਚਾ ਵਰਿਆਮ ਫਰਵਰੀ ੨੦੦੨ ਦਾ ਮਿਲਿਆ ਤੇ ਉਸੇ ਵਕਤ ਪੜਨਾ ਸ਼ੁਰੂ ਕਰ ਦਿੱਤਾ। ਪੜ੍ਹਦਿਆਂ ਪੜ੍ਹਦਿਆਂ ਪਰਸ਼ਾਦੇ ਛਕਣ ਦੀ ਵੀ ਯਾਦ ਭੁੱਲ ਗਈ। ਅਨੰਦ ਹੀ ਅਨੰਦ ਬਣਿਆ ਰਿਹਾ। ਕਿਵੇਂ ਲਿਖਾਂ ਸਮਝ ਨਹੀਂ ਆ ਰਹੀ ਸੀ ਪਰ ਇਕ ਲੇਖ "ਦਸ ਪ੍ਰਦੇਸੀਆਂ ਕਦੋਂ ਘਰ ਆਵੇਗਾਂ" ਕਿਆ ਕਹਿਣਾ! ਇਹ ਲੇਖ ਸਿਰਲੇਖ ਕਿਹਾ ਜਾ ਸਕਦਾ ਹੈ। ਅਗੋਂ ਡਾ. ਅਜੀਤ ਸਿੰਘ ਨੇ "ਸਾਗਰ ਨੂੰ ਕੁੱਜੇ 'ਚ ਬੰਦ ਕਰਨਾ ਉਚਿਤ ਨਹੀਂ" ਪੜ੍ਹਿਆ ਇਹ ਲੇਖ ਤਾਂ ਦੁਨੀਆਂ ਨੂੰ ਚਾਨਣ ਦੇਂਦਾ ਹੈ ਕਿ ਅਸੀਂ ਕੀ ਸਾਂ? ਤੇ ਅਜੇ ਤੱਕ ਲੋਕਾਂ ਨੂੰ ਖ਼ਬਰ ਹੀ ਨਹੀਂ। ਨਾਮਧਾਰੀ ਇਤਿਹਾਸ ਨੂੰ ਪੂਰੇ ਤੌਰ ਤੇ ਉਜਾਗਰ ਕਰਦਾ ਇਹ ਲੇਖ ਹੈ। ਅੱਗੇ ਸਵਰਨ ਸਿੰਘ ਵਿਰਕ ਜੀ ਨੇ ਸੰਤ ਹਰਨਾਮ ਸਿੰਘ ਪਿੰਡ ਬਗਲੀ ਦੀ ਲਿਖੀ ਕਿਤਾਬ ਵਿਚੋਂ ਨਾਮਧਾਰੀ ਇਤਿਹਾਸ ਕਵਿਤਾ ਵਿਚ ਬਿਆਨ ਕੀਤਾ ਬਹੁਤ ਹੀ ਭਰਭਾਵਸ਼ਾਲੀ ਲੇਖ ਹੈ। ਇਹਨਾਂ ਚੀਜਾਂ ਦਾ ਸਾਨੂੰ ਬਾਹਰ ਬੈਠਿਆਂ ਨੂੰ ਬੜਾ ਘੱਟ ਸੁਨਣ ਦਾ ਅਵਸਰ ਮਿਲਦਾ ਹੈ। ਸਾਧੂ ਸਿੰਘ ਕਿਸਾਨ ਜੀ ਨੇ ਛੋਟੇ ਜਿਹੇ ਦਾਇਰੇ 'ਚ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਨੂੰ ਬੜੇ ਸੋਹਣੇ ਢੰਗ ਨਾਲ ਦਸਿਆ। ਬਲਬੀਰ ਸਿੰਘ ਕੰਵਲ ਹੋਣਾ ਵੀ 'ਭਾਈ ਤਾਬਾ' ਪੁਰਾਣੇ ਰਾਗੀਆਂ ਬਾਰੇ ਬਹੁਤ ਸੂਝ ਦਿੱਤੀ। ਪ੍ਰਿੰਸੀਪਲ ਬੇਅੰਤ ਕੌਰ ਜੀ ਬਚਿੱਤਰ ਨਾਨਕ ਦਾ ਸਾਰ ਤਾਂ ਹਰ ਪਰਚੇ ਵਿਚ ਬੜੀ ਮੇਹਨਤ ਤੇ ਡੂੰਘਾਈ ਤਕ ਸਾਨੂੰ ਵਿਸਥਾਰ ਨਾਲ ਦੱਸਦੇ ਨੇ।

ਇਹ ਸਾਰਾ ਵਰਿਆਮ ਜੀ ਆਪ ਜੀ ਦੇ ਨਿਘੇ ਪਿਆਰ ਤੇ ਮਿਲਾਪ ਦਾ ਸਦਕਾ ਹੈ। ਏਨਾ ਕੁਝ ਟੋਲਕੇ ਬਹੁਤ ਕੁਝ ਇਕੱਠਾ ਕਰਕੇ ਲਿਖਣਾ ਅਤੇ ਜਿਹੜਾ ਪੜ੍ਹਨ ਵਾਲਿਆਂ ਨੂੰ ਸੋਹਣਾ ਲਗੇ।

***ਦੈਆ ਸਿੰਘ ਮਠਾੜੂ/ਦਾਰਾ ਸਲਾਮ ਹੁਣ ਯੂ.ਕੇ***



Sri Satguru Jagjit Singh Ji eLibrary NamdhariElibrary@gmail.com

'ਸਾਗਰ ਨੂੰ ਕੁੱਜੇ ਵਿੱਚ ਬੰਦ ਕਰਨਾ ਉਚਿਤ ਨਹੀਂ' ਦੇ ਸਿਰਲੇਖ ਹੇਠਾਂ ਡਾ. ਅਜੀਤ ਸਿੰਘ ਦਾ ਲਿਖਿਆ ਹੋਇਆ ਲੇਖ ਪੜ੍ਹਿਆ। ਲੇਖਕ ਦੇ ਗਿਲੇ ਸ਼ਿਕਵੇ, ਦੁਖ ਤੇ ਅਫਸੋਸ ਆਪਣੀ ਥਾਵੇਂ ਸਹੀ ਹਨ। ਪਹਿਲਾ ਪੰਜਾਬੀ ਦਿਨੋ ਦਿਨ ਸੁੰਗੜਦੀ ਜਾ ਰਹੀ ਹੈ। ਦੂਸਰਾ ਪੰਜਾਬੀ ਦੇ ਪਾਠਕ ਬੜੀ ਸ਼ਿਦਤ ਨਾਲ ਘਟ ਰਹੇ ਹਨ। ਤੀਸਰਾ ਵਰਿਆਮ ਪੰਜਾਬੀ ਵਿਚ ਛਪਦਾ ਹੈ ਇਸ ਦਾ ਘੇਰਾ ਬੜੀ ਸੀਮਤ ਹੈ। ਲੇਖਕ ਨੇ ਨਾਲ ਹੀ ਸਵਾਲ ਕਰ ਦਿੱਤਾ ਹੈ ਕਿ ਕੀ ਵਰਿਆਮ, ਸਿੱਖ ਸਮਾਜ ਦਾ ਇਕ ਹਿੱਸਾ ਨਹੀ ? ਇਕ ਸਿਰਕਰਦਾ ਨਾਮਧਾਰੀ ਪਾਸੋਂ ਲੇਖਕ ਨੇ ਪੁੱਛਿਆ ਕਿ ਉਨ੍ਹਾਂ ਵਲੋਂ ਨਾਮਧਾਰੀ ਸਮਾਜ ਬਾਰੇ ਲਿਖੇ ਲੇਖਾਂ ਬਾਰੇ ਉਨ੍ਹਾਂ ਦੀ ਕੀ ਰਾਏ ਹੈ। ਉੱਤਰ ਮਿਲਿਆ ਕਿ ਲੇਖ ਵੇਖੇ ਜ਼ਰੂਰ ਹਨ ਪਰ ਪੜ੍ਹਨ ਦਾ ਮੌਕਾ ਅਜੇ ਮਿਲਿਆ ਨਹੀਂ। ਸਭ ਤੋਂ ਵਧ ਦੁਖ ਤੇ ਅਫਸੋਸ ਲੇਖਕ ਨੂੰ ਡਾ. ਕਰਨਜੀਤ ਬਾਰੇ ਹੈ। ਉਨ੍ਹਾਂ ਦਾ ਇਕ ਆਰਟੀਕਲ ਅੰਗ੍ਰੇਜ਼ੀ ਦੇ 'ਹਿੰਦੁਸਤਾਨ ਟਾਈਮਜ਼' ਵਿਚ ੨ ਜਨਵਰੀ ੨੦੦੨ ਨੂੰ "The Smile of Budha" ਦੇ ਸਿਰਲੇਖ ਹੇਠਾਂ ਛਪਿਆ ਹੈ। ਭਾਰਤ ਦੀ ਆਜ਼ਾਦੀ ਅੰਦੋਲਨ ਬਾਰੇ ਜ਼ਿਕਰ ਕਰਦਿਆਂ ਉਨ੍ਹਾਂ ਨੇ ੧੮੫੭ ਦੇ ਗ਼ਦਰ ਨੂੰ ਬ੍ਰਿਟਿਸ਼ ਰਾਜ ਦੇ ਖਿਲਾਫ ਪਹਿਲਾ ਅੰਦੋਲਨ ਦਸਿਆ। ੧੮੫੭ ਤੋਂ ਬਾਅਦ ਸਿੱਧੇ ੧੮੮੫ ਵਿਚ ਇੰਡੀਅਨ ਨੈਸ਼ਨਲ ਕਾਂਗ੍ਰਸ ਦੇ ਸਥਾਪਨਾ ਦਿਵਸ ਤੇ ਪਹੁੰਚ ਜਾਂਦੇ ਹਨ। ਨਾਲ ਹੀ ਉਨ੍ਹਾਂ ਇਹ ਵੀ ਦਸਿਆ ਕਿ ਇਹ ਇਕ ਭਰਾਂਤੀ ਹੈ ਕਿ ਆਜ਼ਾਦੀ ਅੰਦੋਲਨ ਗਾਂਧੀ ਜੀ ਦੇ ਆਗਮਨ ਨਾਲ ਸ਼ੁਰੂ ਹੋਇਆ।

ਡਾ. ਅਜੀਤ ਸਿੰਘ, ਡਾ. ਕਰਨਜੀਤ ਸਿੰਘ ਨੂੰ ਕੌਮੀ ਹੀ ਨਹੀਂ, ਕੌਮਾਂਤਰੀ ਪੱਧਰ ਦਾ ਲੇਖਕ ਮੰਨਦੇ ਹਨ। ਲੇਖਕ ਨੇ ਨਾਲ ਹੀ ਬਹੁਤ ਸਾਰੇ ਸਵਾਲ ਡਾ. ਸਾਹਿਬ ਪਾਸ ਕਰ ਦਿੱਤੇ ਹਨ। ਕੀ ਡੀ. ਕਰਨਜੀਤ ਸਿੰਘ ਨੇ ਨਾਮਧਾਰੀ ਅੰਦੋਲਨ ਬਾਰੇ ਕੁਝ ਨਹੀਂ ਪੜ੍ਹਿਆ? ਨਾਮਧਾਰੀ ਕ੍ਰਾਂਤੀਕਾਰੀ ਅੰਦੋਲਨ ਬਾਰੇ ਜ਼ਿਕਰ ਕਰ ਜਾਂਦੇ ਤਾਂ ਲੇਖਕ ਨੂੰ ਕੋਈ ਅਫਸੋਸ ਨਹੀਂ ਸੀ ਹੋਣਾ।

੧੮੫੭ ਦਾ ਗ਼ਦਰ ਰਾਜੇ ਮਹਾਰਾਜਿਆਂ ਦੇ ਆਪਣੇ ਰਾਜਾਂ ਨੂੰ ਬਚਾਉਣ ਤੇ ਰਾਜ ਗੱਦੀਆਂ ਨੂੰ ਕਾਇਮ ਰਖਣ ਲਈ ਇਕ ਫੌਜੀ ਲੜਾਈ ਸੀ। ਨਾਮਧਾਰੀ ਸਮਾਜ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਨੇ ੧੮੫੭ ਦੀ ੧੩ ਅਪ੍ਰੈਲ ਨੂੰ ਆਪਣੀ ਜਥੇਬੰਦੀ ਦੀ ਨੀਂਹ ਰੱਖੀ ਸੀ। ਉਸ ਸਮੇਂ ਸਿੱਖੀ ਮਰਿਆਦਾ ਆਪਣਾ ਦਮ ਤੋੜ ਚੁਕੀ ਸੀ। ਨਵੇਂ ਸਿਰਿਓਂ ਇਕ ਪਾਸੇ ਗੁਰੂਆਂ ਦੀ ਰਚੀ ਹੋਈ ਬਾਣੀ ਦਾ ਪ੍ਰਚਾਰ ਆਰੰਭ ਕੀਤਾ। ਦੂਸਰੇ ਪਾਸੇ ਸਮਾਜਕ ਆਰਥਕ ਤੇ ਸਿਆਸੀ ਪ੍ਰੋਗਰਾਮ ਤਿਆਰ ਕੀਤਾ। ਆਪਣੇ ਅੰਦੋਲਨ ਨੂੰ ਅਹਿੰਸਕ ਰੂਪ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਦੇ ਅੰਦੋਲਨ ਵਿਚ ਜਨ-ਸਾਧਾਰਨ ਲੋਕਾਂ ਨੇ ਹਿੱਸਾ ਲਿਆ। ਬ੍ਰਿਟਿਸ਼ ਸਰਕਾਰ ਦਾ ਸੰਪੂਰਨ ਬਾਈਕਾਟ ਕੀਤਾ। ਸਹੀ ਅਰਥਾਂ ਵਿੱਚ ਨਾਮਧਾਰੀ ਅੰਦੋਲਨ ਭਾਰਤ ਆਜ਼ਾਦੀ ਦਾ ਸਭ ਤੋਂ ਪਹਿਲਾਂ ਸੰਗਰਾਮ ਬਣਦਾ ਹੈ।

ਡਾ. ਕਰਨਜੀਤ ਸਿੰਘ ਆਪਣੇ ਆਰਟੀਕਲ ਵਿਚ ਸਿਖ ਇਤਿਹਾਸ ਦੇ ਨਾਮਧਾਰੀ ਅੰਦੋਲਨ ਬਾਰੇ ਜ਼ਿਕਰ ਕਰ ਜਾਂਦੇ ਤਾਂ ਲੇਖਕ ਨੂੰ ਕੋਈ ਦੁੱਖ ਤੇ ਅਫਸੋਸ ਨਾ ਹੁੰਦਾ। ਡਾ. ਕਰਨਜੀਤ ਸਿੰਘ ਨਾਮਧਾਰੀ ਅੰਦੋਲਨ ਤੋਂ ਪੂਰੀ ਤਰ੍ਹਾਂ ਵਾਕਿਫ਼ ਹਨ। "ਮਹਾ ਨੂਰ" ਪੁਸਤਕ ਜਿਸ ਦਾ ਸੰਪਾਦਨ ਭਾਪਾ ਪ੍ਰੀਤਮ ਸਿੰਘ ਨੇ ੧੯੯੨ ਵਿਚ ਕੀਤਾ। ਉਸ ਵਿਚ ਆਪ ਦਾ ਇਕ ਲੇਖ ਹੈ। ਜਿਸ ਵਿਚ ਇੰਝ ਲਿਖਦੇ ਹਨ : "ਪੰਜਾਬ ਭਾਰਤ ਦਾ ਇਕ ਉਹ ਪ੍ਰਾਂਤ ਹੈ ਜਿਹੜਾ ਸਭ ਤੋਂ ਮਗਰੋਂ ਅੰਗ੍ਰੇਜ਼ਾਂ ਦੀ ਗੁਲਾਮੀ ਦੇ ਜੂਲੇ ਵਿਚ ਫਸਿਆ ਅਤੇ ਜਿਸ ਨੇ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਆਜ਼ਾਦ ਕਰਵਾਉਣ ਵਾਸਤੇ ਕਰਵਟ ਲਈ। ੧੮੫੭ ਦਾ ਪਹਿਲਾ ਸੁਤੰਤਰਤਾ ਸੰਗਰਾਮ ਜਦੋਂ ਅਸਫਲ ਹੋ ਗਿਆ ਤਾਂ ਇਸੇ ਹੀ ਸਾਲ ਬਾਬਾ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਵਿਚ 'ਸੰਤ ਖਾਲਸਾ' ਨਾਮ ਦੀ ਇਕ ਜਥੇਬੰਦੀ ਦੀ ਬੁਨਿਆਦ ਰੱਖੀ। ਜਿਸ ਦੇ ਸਾਹਮਣੇ ਦੋ ਵੱਡੇ ਨਿਸ਼ਾਨੇ ਸਨ। ਪਹਿਲਾ ਸਿੱਖੀ ਦੀ ਗੁਆਚੀ ਆਤਮਕ ਉੱਚਤਾ ਨੂੰ ਬਹਾਲ ਕਰਕੇ ਸਿੱਖੀ ਦੀ ਸ਼ਾਨ ਨੂੰ ਸੁਰਜੀਤ ਕਰਨਾ ਅਤੇ ਦੂਜਾ ਦੇਸ਼ ਨੂੰ ਅੰਗ੍ਰੇਜ਼ਾ ਬਸਤੀਵਾਦੀਆਂ ਦੇ ਜੂਲੇ ਤੋਂ ਆਜ਼ਾਦ ਕਰਾਉਣਾ। ਇਸ ਮਨੋਰਥ ਲਈ ਬਾਬਾ ਰਾਮ ਸਿੰਘ ਜੀ ਨੇ ਸੁਦੇਸ਼ੀ ਦੀ ਲਹਿਰ ਦਾ ਜਿਹੜਾ ਹਥਿਆਰ ਵਰਤਿਆ ਉਹ ਮਹਾਤਮਾ ਗਾਂਧੀ ਲਈ ਸੰਘਰਸ਼ ਦਾ ਇਕ ਆਦਰਸ਼ ਰੂਪ ਬਣਿਆ। ਆਪਣੇ ਉਦੇਸ਼ ਦੀ ਪੂਰਤੀ ਲਈ ਜਦੋਜਹਿਦ ਕਰਦਿਆਂ ਬਾਬਾ ਰਾਮ ਸਿੰਘ ਤੇ ਉਨ੍ਹਾਂ ਦੇ ਅਨੁਯਾਈਆਂ ਨੇ ਅਨੇਕਾਂ ਤਸੀਹੇ ਝੱਲੇ ਤੇ ਕੁਰਬਾਨੀਆਂ ਕੀਤੀਆਂ ਜਿਨ੍ਹਾਂ ਤੋਂ ਅਸੀਂ ਸਾਰੇ ਭਲੀ ਪ੍ਰਕਾਰ ਜਾਣੂ ਹਾਂ।"

ਇਹ ਹਨ ਡਾ. ਕਰਨਜੀਤ ਸਿੰਘ ਦੇ ਵੀਚਾਰ ਜਿਨ੍ਹਾਂ ਬਾਰੇ ਡਾ. ਅਜੀਤ ਸਿੰਘ ਦਾ ਬਹੁਤ ਸਾਰਾ ਗਿਲਾ ਹੈ। ਜਦ ਮੈਂ ਇਸ ਲੇਖ ਬਾਰੇ ਆਪਣੇ ਸਭ ਤੋਂ ਛੋਟੇ ਵੀਰ ਸਰਬ ਸ਼ਕਤੀਮਾਨ ਐਡੀਟਰ 'ਵਰਤਮਾਨ ਹਿੰਦੁਸਤਾਨ' ਨਾਲ ਵਿਚਾਰ ਵਟਾਂਦਰਾ ਕਰ ਰਿਹਾ ਸਾਂ ਤੇ ਕਹਿ ਰਿਹਾ ਸਾਂ ਕਿ ਲੇਖਕ ਨੇ ਅਲੋਚਨਾ ਕਰਦਿਆਂ ਇਸ ਗੱਲ ਦੀ ਚਿੰਤਾ ਨਹੀਂ ਕੀਤੀ ਕਿ ਡਾ. ਕਰਨਜੀਤ ਸਿੰਘ ਨਾਰਾਜ਼ ਹੋ ਜਾਣਗੇ। ਉਨ੍ਹਾਂ ਦੇ ਮਨ ਵਿਚ ਜੋ ਕੁਝ ਸੀ ਉਨ੍ਹਾਂ ਨੇ ਹੂਬਹੂ ਉਸੇ ਤਰ੍ਹਾਂ ਲਿਖ ਦਿੱਤਾ। ਉਨ੍ਹਾਂ ਨੇ ਆਪਣੇ ਗਿਲੇ ਸ਼ਿਕਵਿਆਂ ਦਾ ਆਪ ਹੀ ਉੱਤਰ ਦੇ ਦਿੱਤਾ ਹੈ। ਆਪ ਲਿਖਦੇ ਹਨ—ਮੇਰੇ ਲੇਖਾਂ ਨੂੰ ਕੌਣ ਪੜ੍ਹਦਾ ਹੈ ਕੌਣ ਨਹੀਂ, ਮੈਂ ਛਪਣ ਦੇ ਸ਼ੌਕ ਨਾਲ ਕਦੇ ਕੁਝ ਨਹੀਂ ਲਿਖਦਾ। ਮੈਂ ਅਕੀਦਤ ਨਾਲ ਲਿਖਦਾ ਹਾਂ। ਮਹਾਨ ਸਿੱਖੀ ਇਨਕਲਾਬੀ ਸੰਕਲਪ ਤੇ ਵਿਰਸੇ ਨੂੰ ਕਿਵੇਂ ਜਿਉਂਦਿਆਂ ਰੱਖਿਆ ਜਾਏ



Sri Satguru Jagjit Singh Ji eLibrary NamdhariElibrary@gmail.com

ਇਸ ਚਿੰਤਾ ਨਾਲ ਜੁੜੇ ਸਰੋਕਾਰਾਂ ਵਿਚੋਂ ਹੀ ਮੇਰੇ ਇਸ ਲੇਖ ਦਾ ਜਨਮ ਹੋਇਆ ਹੈ। ਇਹ ਗੱਲ ਕਰਦਿਆਂ ਸਰਬ ਸ਼ਕਤੀ ਮਾਨ ਨੇ ਡਾ. ਅਜੀਤ ਸਿੰਘ ਦਾ ਇਕ ਹੋਰ ਲੇਖ ੧੯੯੭ ਵਿਚ "ਅਜੀਤ" ਵਿਚ ਡਾ. ਅਮਰ ਭਾਰਤੀ ਬਾਰੇ ਲਿਖਿਆ ਮੇਰੇ ਸਾਹਮਣੇ ਰਖਿਆ। ਉਹ ਲੇਖ ਸੱਚਮੁਚ ਸ੍ਰੀ ਅਮਰ ਭਾਰਤੀ ਜੀ ਦੇ ਸਮੁੱਚੇ ਜੀਵਨ ਦਾ ਇਕ ਨਿਚੋੜ ਹੈ। ਡਾ. ਅਜੀਤ ਸਿੰਘ ਪਾਸ ਲਿਖਣ ਦੀ ਕਲਾ ਬੜੀ ਸ਼ਾਨਦਾਰ ਹੈ। ਮੇਰੇ ਸਾਹਮਣੇ ਇਹ ਪਹਿਲੀ ਵਾਰ ਆਇਆ। ਮੇਰਾ ਇਹ ਸੁਝਾਓ ਹੈ ਕਿ ਜੇ ਇਹ "ਵਰਿਆਮ" ਵਿਚ ਪਹਿਲਾਂ ਨਾ ਛਪਿਆ ਹੋਵੇ ਤਾਂ ਇਸ ਨੂੰ ਜ਼ਰੂਰ ਛਾਪਣਾ । ਤੁਹਾਡੇ ਕਹਿਣ ਤੇ ਆਪਾਂ ਜ਼ਰੂਰ ਭੇਜ ਦੇਵਾਂਗੇ।

*—ਐਸ.ਐਸ. ਮਨਧੀਰ*
*A-੭੩ ਜਨਤਾ ਕਾਲੋਨੀ*
*ਨਵੀਂ ਦਿੱਲੀ—੧੦੦੨੭*

-0-

ਮੈਂ ਵੀ ਕਿਸ ਤਰ੍ਹਾਂ ਦਾ ਮੂਰਖ ਹਾਂ ਕਿ ਮੈਂ ਆਪਣੀ ਦੂਸਰੀ ਕਿਤਾਬ 'ਇਕ ਸੋਚ ਦੀ ਮੌਤ' ਵਰਿਆਮ ਜੀ ਨੂੰ ਦੇ ਕੇ ਆਇਆ ਸੀ। ਉਸ ਬਾਰੇ ਵਰਿਆਮ ਜਨਵਰੀ ਵਿਚ ਲਿਖਿਆ ਹੋਵੇਗਾ। ਫੇਰ ਵੇਖਾਂ ਫਰਵਰੀ ਵਿਚ ਲਿਖਿਆ ਹੋਵੇਗਾ। ਫੇਰ ਮੈਂ ਆਪਣੇ ਆਪ ਨੂੰ ਆਖਿਆ ਮੂਰਖਾ ਵਰਿਆਮ ਇਹਨਾਂ ਵਿਹਲਾ ਨਹੀਂ ਬੈਠਾ ਹੋਇਆ ਕੇ ਮੇਰੀ ਕਿਤਾਬ ਬਾਰੇ ਲਿਖੇ। ਹੁਣ ਤਾਂ ਅਖਬਾਰਾਂ ਵਾਲੇ ਮੈਟਰ ਫੜਕੇ ਆਪਣੇ ਕੋਲ ਰੱਖ ਲੈਂਦੇ ਹਨ। ਕੱਲ ਨੂੰ ਛਾਪਣ ਦੀ ਹਾਂ ਕਰਕੇ ਤੇ ਕਈ ਕਈ ਮਹੀਨੇ ਬਾਦ ਵੀ ਨਹੀਂ ਛਾਪ ਦੇ। ਵਰਿਆਮ ਜੀ ਤਾਂ ਕਈਆਂ ਚੌਧਰਾਂ ਵਿਚ ਫਸਿਆ ਪਿਆ ਏ। ਤੇ ਬਾਜਵਾ ਤੇਰੇ ਨਾਲੋਂ ਚੰਗੇ ਤੇ ਅਮੀਰ ਪਾਠਕ ਉਸ ਨੂੰ ਰੋਜ ਮਿਲਦੇ ਹਨ। ਇਸ ਕਰਕੇ ਹੁਣ ਸਬਰ ਕਰ ਤੇ ਵਰਿਆਮ ਦੇ ਪਰਚੇ ਜਨਵਰੀ ਤੇ ਫਰਵਰੀ ਦੇ ਪੜ੍ਹ।

ਜਨਵਰੀ ਦੇ ਪਰਚੇ ਵਿਚ ਬਲਬੀਰ ਸਿੰਘ ਕੰਵਲ ਦਾ ਬੀਤੇ ਦਿਨਾਂ ਦੀਆਂ ਯਾਦਾਂ ਚੰਗਾ ਸੀ। ਉਸ ਸੰਗੀਤਕਾਰ ਦੀ ਯਾਦ ਤਾਜ਼ਾ ਕਰਵਾਈ ਸੀ, ਜਿਸ ਬਾਰੇ ਸ਼ਾਇਦ ਬਹੁਤ ਸਾਰੇ ਪਾਠਕਾਂ ਨੂੰ ਗਿਆਨ ਨਾ ਹੋਵੇ। ਇਸ ਤਰ੍ਹਾਂ ਦੇ ਲੇਖ ਛਪਦੇ ਰਹਿਣੇ ਚਾਹੀਦੇ ਹਨ ਤਾ ਕਿ ਭੁਲਿਆਂ ਵਿਸਰਿਆਂ ਦੀਆਂ ਯਾਦਾਂ ਤਾਜ਼ੀਆਂ ਹੁੰਦੀਆਂ ਰਹਿਣ।

ਡਾ. ਨਰੇਸ਼ ਵੀ ਨਵਾ ਗਿਆਨ ਦਿਤਾ ਏ। ਇਸ ਤਰ੍ਹਾਂ ਦੀਆਂ ਰਚਨਾਵਾਂ ਪਾਠਕਾਂ ਨੂੰ ਨਵਾਂ ਗਿਆਨ ਬਖਸ਼ਦੀਆਂ ਹਨ। ਪਿਆਰਾ ਸਿੰਘ ਭੋਗਲ ਨੇ ਬਣਤ ਵਿਚ ਪੇਂਡੂ ਸਭਿਆਚਾਰ ਚੰਗਾ ਬੁਣਿਆ ਏ। ਬਲਬੀਰ ਸਿੰਘ ਢਿਲੋਂ ਦੀ ਕਵਿਤਾ "ਵਿਚੋਲਿਆਂ ਨੂੰ" ਚੰਗੀ ਲਗੀ ਸੀ।

ਪਿਆਰਾ ਸਿੰਘ ਦਾਤਾ ਜੀ ਪੁਰਾਣੀ ਮਾਖਿਓਂ ਹਨ। ਉਹ ਜੇਹੜੀ ਵੀ ਲਿਖਤ ਲਿਖਦੇ ਹਨ। ਉਸ ਵਿਚੋਂ ਸੁਆਦ ਆਉਂਦਾ ਏ। ਦਾਤਾ ਜੀ ਦੀ ਸੁਰਤ ਅਜੇ ਤੇਜ਼ ਹੈ। ਅਜ ਦੇ ਮੁੰਡੇ ਤਾਂ 'ਖੁੰਡੇ' ਹੋ ਗਏ ਹਨ।

ਹੁਣ ਵਰਿਆਮ ੨੭ਵੇਂ ਸਾਲ ਵਿਚ ਜਾ ਰਿਹਾ ਏ। ਇਸ ਵਕੱਤ ਪੂਰੀ ਜਵਾਨੀ ਵਿਚ ਹੈ। ਇਸ ਕਰਕੇ ਹੀ ਹੁਣ ਇਸ ਅੰਦਰ ਨਵੇਂ ਨਵੇਂ ਖਿਆਲ ਤੇ ਵਿਚਾਰ ਆ ਰਹੇ ਹਨ, ਕਿਉਂਕਿ ਬਚਪਨ ਵਿੱਚ ਤੇ ਬੁਢਾਪੇ ਵਿਚ ਉਹ ਖਿਆਲ ਨਹੀਂ ਫੁਰਦੇ ਜਿਹੜੇ ਜਵਾਨੀ ਵੇਲੇ ਫੁਰਦੇ ਹਨ।

ਫਰਵਰੀ ਦੇ ਵਰਿਆਮ ਵਿਚ, ਵਰਿਆਮ ਦਾ "ਲੇਖ ਦੱਸ ਪ੍ਰਦੇਸੀਆ ਵੇ ਕਦੋਂ ਘਰ ਆਵੇਗਾ।" ਗੁਰੂ ਰਾਮ ਸਿੰਘ ਜੀ ਦੇ ਜੀਵਨ ਬਾਰੇ ਲੰਮਾ ਲੇਖ ਏ। ਜਿਸ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਬਾਰੇ ਸਾਰਾ ਗਿਆਨ ਹੋ ਜਾਂਦਾ ਏ। ਬਾਕੀ ਵਰਿਆਮ ਨੇ ਚੰਗੀ ਜੁਗਤ ਨਾਲ ਲਿਖਿਆ ਏ।

ਡਾ:ਅਜੀਤ ਸਿੰਘ ਨੇ ਵੀ ਬਾਬਾ ਰਾਮ ਸਿੰਘ ਜੀ ਬਾਰੇ ਸੋਹਣਾ ਲਿਖਿਆ ਏ। ਸਾਧੂ ਸਿੰਘ ਕਿਸਾਨ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਵੀ ਨਵੀ ਸੇਧ ਵਿਚ ਲਿਖਿਆ ਏ। ਮੱਖੀ ਤੇ ਮੱਖੀ ਨਹੀਂ ਮਾਰੀ।

ਸੁਵਰਣ ਸਿੰਘ ਵਿਰਕ ਦੇਖਣ ਨੂੰ ਤਾਂ ਸਿਧਾ ਸਾਦਾ ਜਿਹਾ ਹੀ ਲਗਦਾ ਏ। ਇਕ ਦੋ ਵਾਰੀ ਵਖ-ਵਖ ਸਮਾਗਮਾਂ ਵਿਚ ਦਰਸ਼ਨ ਕੀਤੇ ਹਨ। ਪਰ ਸਾਹਿਤ ਨੂੰ ਛਾਨਣ ਵਾਲੀ ਉਹਨਾਂ ਦੀ ਤੇਜ ਅਕਲ ਵਾਲੀ ਛਾਨਣੀ ਚੰਗੀ ਤਰ੍ਹਾਂ ਹੀ ਸਾਰਾ ਕੁਝ ਛਾਣ ਕੇ ਪਾਠਕ ਪੁਜਦਾ ਕਰਦੀ ਏ ਕਿਉਂਕਿ ਉਸ ਦੇ ਸਾਹਿਤ ਵਿਚੋਂ ਜਾਂ ਲਿਖਤ ਵਿਚੋਂ ਰੋੜ ਤੇ ਕੰਕਰ ਨਹੀਂ ਮਿਲਦੇ। ਸੰਤ ਹਰਨਾਮ ਸਿੰਘ ਬਗਲੀ ਵਾਲੇ ਦੇ ਕਿਸਾ ਕਾਵਿ ਦਾ ਅਧਿਐਨ ਬਹੁਤ ਚੰਗੀ ਤਰ੍ਹਾਂ ਕੀਤਾ ਏ। ਮੈਂ ਉਸ ਨੂੰ ਇਕ ਮਨ ਇਕ ਚਿਤ ਹੋ ਕੇ ਪੜ੍ਹਿਆ, ਮੈਨੂੰ ਤਾਂ ਮਜ਼ਾ ਆ ਗਿਆ ਏ। ਬਾਕੀ ਪਾਠਕਾਂ ਬਾਰੇ ਮੈਂ ਨਹੀਂ ਜਾਣਦਾ ਕਿਉਂਕਿ ਇਹ ਲੇਖ ਵੀ ਬਹੁਤ ਲੰਮਾ ਸੀ।

ਡਾ: ਮਹਿੰਦਰ ਕੌਰ ਸੇਵਾ ਮੁਕਤ ਹੋ ਗਏ ਹਨ। ਹੁਣ ਉਹਨਾਂ ਨੂੰ ਖੁੱਲਾ ਸਮਾਂ ਮਿਲਿਆ ਕਰੇਗਾ ਲਿਖਣ ਪੜਨ ਲਈ ਤੇ ਸਾਹਿਤਕ ਮਿਲਣੀਆਂ ਲਈ ਕਿਉਂਕਿ ਸਾਹਿਤ ਦੀ ਰਚਨਾ ਤਾਂ ਉਹਨਾ ਪਹਿਲਾਂ ਵੀ ਬੜੀ ਕੀਤੀ ਏ।

ਫਰਵਰੀ ਵਿਚ ਬਸੰਤ ਵੀ ਆਈ ਸੀ। ਇਸ ਕਰਕੇ ਗੁਰੂ ਰਾਮ ਸਿੰਘ ਜੀ ਦਾ ਫਰਵਰੀ ਅੰਕ ਵਿਚ ਛਪਣਾ ਜਰੂਰੀ ਸੀ। ਬਾਕੀ ਵਰਿਆਮ ਦੀ ਆਪਣੀ ਵੀ ਸੋਚ ਹੁੰਦੀ ਏ।

*—ਹਰਭਜਨ ਸਿੰਘ ਬਾਜਵਾ*
*ਬਟਾਲਾ*

-0-



Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ

ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ : ੪੫੯੮੯੬

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ

ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ

ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ

ਇਕਹਿਰੀ ਪੁਲੀ, ਜਲੰਧਰ ਸ਼ਹਿਰ

ਫੋਨ ਨੰ. ੨੩੨੯੯੦

*ਵਰਿਆਮ ਲਈ ਸ਼ੁਭ ਇਛਾਵਾਂ :*

*ਸ. ਅਜੀਤ ਸਿੰਘ ਨਾਮਧਾਰੀ*

# ਨਾਮਧਾਰੀ ਬ੍ਰਦਰਜ਼

ਡਾਲਟਨਗੰਜ (ਬਿਹਾਰ)

**Namdhari Brothers**

Dalton Ganj (Bihar)

Prop. S. Ajit Singh Namdhari

**JANTA**

**HYDRAULIC PRESSES**




ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ

ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ ਦਰਵਾਜ਼ੇ,

ਖਿੜਕੀਆਂ, ਰੋਸ਼ਨਦਾਨ ਅਤੇ ਲੱਕੜੀ ਦਾ ਵਧੀਆ

ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ ਜਲੰਧਰ - ੧੪੪੦੦੪

ਫੋਨ : ੨੩੮੭੮੪

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# SAGGU

# IRON INDUSTRIES

**ਸੱਗੂ ਆਇਰਨ ਇੰਡਸਟਰੀਜ਼**

SugarMill Spares, Paper & Boards Mill Spares, Textile Mill Spares, Distillery Spares & Solvent Plant Spares All Type of Gear & Chain Sprockets & Industrial Chain

Partner : S. Puran Singh Saggu

S. Narinder Singh Saggu

Old Railway Road, Jalandhar. Ph. : 458795, 459056



Sri Satguru Jagjit Singh Ji eLibrary NamdhariElibrary@gmail.com




Sri Satguru Jagjit Singh Ji eLibrary NamdhariElibrary@gmail.com

Monthly Wariam Ladowali Road, Jalandhar-144001
Registered No. PB/(0165)/2002

March–2002
Regd. RNI No. 26453/75

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

G.T. Road, Opp. Jalandhar Octroi Post,
PHAGWARA

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ- 222543, 456289

Sri Satguru Jagjit Singh Ji eLibrary NamdhariElibrary@gmail.com